ਰਚਨਾ ਇਕੱਤ੍ਰ ਕਰ ਕੇ ਦਿੱਲੀ ਭੇਜਿਆ ਕਰਦੇ ਸਨ। ਜਿਥੇ ਭਾਈ ਸ਼ੀਹਾਂ ਸਿੰਘ ਇਨ੍ਹਾਂ ਨੂੰ ਸਾਂਭਦਾ ਜਾਂਦਾ ਸੀ। ਸਾਡਾ ਅੰਦਾਜ਼ਾ ਹੈ ਕਿ ਕਾਬਲ ਵਿਚ ਭਾਈ ਗੁਰਦਾਸ ਦੇ ਗੁਰਦੁਆਰੇ ਸੰਮਤ ੧੭੬੯ ਬਿ: ੧੭੧੨ ਈ:) ਵਾਲਾ ਦਸਮ ਗ੍ਰੰਥ ਏਸੇ ਭਾਈ ਸ਼ੀਹਾਂ ਸਿੰਘ ਵਾਲਾ ਹੀ ਹੋ ਸਕਦਾ ਹੈ। ਅਜ ਕਲ ਦੀ ਮਨੌਤੀ ਦੇ ਮੁਤਾਬਕ ਸ: ਗੁਲਾਬ ਸਿੰਘ ਸੇਠੀ ਪਾਸ ਪਈ ਬੀੜ ਵਾਲਾ ਦਸਮ ਗ੍ਰੰਥ ਦਾ ਭਾਗ ਭਾਈ ਮਨੀ ਸਿੰਘ ਦਾ ਆਪਣਾ ਸੰਪਾਦਿਤ ਹੈ। ਇਸਦਾ ਸੰਮਤ ੧੭੭੦ ਬਿ (੧੭੧੩ ਈ) , ਗੁਰੂ ਗੋਬਿੰਦ ਸਿੰਘ ਜੀ ਦੀ ਆਪਣੀ ਰਚਨਾਂ ਦਾ ਵੱਡਾ ਗ੍ਰੰਥ (ਜੋ ਬਗੈਰ ਜਿਲਦ ਸੀ) ਭਾਈ ਕੇਸਰ ਸਿੰਘ ਛਿਬਰ ਦੇ ਕਥਨ ਅਨੁਸਾਸ ਅਨੰਦਪੁਰ ਉਜਾੜੇ-ਦੇ ਉਪਰੰਤ ਖਿੰਡ ਪੁੰਡ ਗਇਆ ਸੀ। ਇਸ ਦਾ ਹੁਣ ਵਾਲਾ ਵਜੂਦ ਭਾਈ ਮਨੀ ਸਿੰਘ ਜੀ ਦੀ ਕ੍ਰਿਪਾ ਦਾ ਨਤੀਜਾ ਹੈ।

(ਅ) ਗੁਰੂ ਗ੍ਰੰਥ ਸਾਹਬ ਦਾ ਪੁਨਰ ਸੰਪਾਦਨ :—

ਕੇਸਰ ਸਿੰਘ ਦਾ ਕਥਨ ਹੈ ਕਿ ਭਾਈ ਮਨੀ ਸਿੰਘ ਨੇ ਗੁਰੂ ਗ੍ਰੰਥ ਸਾਹਬ ਦੀ ਤਰਤੀਬ ਵਿੱਚ ਫਰਕ ਪਾ ਦਿਤਾ ਤੇ ਰਤਨ ਸਿੰਘ ਭੰਗੂ ਨੇ ਭੀ ਇਹੋ ਜਿਹਾ ਇਸ਼ਾਰਾ ਕੀਤਾ ਹੈ। ਸ: ਗੁਲਾਬ ਸਿੰਘ ਸੇਠੀ ਵਾਲੀ ਬੀੜ ਉਹੀ ਮੰਨੀ ਜਾਂਦੀ ਹੈ ਜਿਸ ਵਿਚ ਬਾਣੀ ਰਾਗਾਂ ਦੀ ਥਾਂ ਗੁਰ ਸਾਹਬਾਨ ਦੇ ਕ੍ਰਮ ਅਨੁਸਾਰ ਤਰਤੀਬੀ ਹੋਈ ਹੈ।



Digitized by Panjab Digital Library | www.panjabdigilib.org

ਗਿਆਨੀ ਗੁਰਦਿਤ ਸਿੰਘ—

# ਭੱਟ ਅਤੇ ਉਨ੍ਹਾਂ ਦੀ ਰਚਨਾ

ਭੱਟ ਜੋਧੇ ਤੇ ਬੀਰ ਨੂੰ ਭੀ ਆਖਦੇ ਹਨ ਅਤੇ ਲੋਕਾਂ ਦਾ ਜਸ ਕਰ ਕੇ ਦਾਨ ਤੇ ਬਖਸ਼ੀਸ਼ ਲੈਣ ਵਾਲੇ ਨੂੰ ਭੀ।* ਭੱਟੀ ਰਾਜਪੂਤਾਂ ਦੀ ਇੱਕ ਜਾਤੀ ਭੀ ਹੈ, ਜਿਨ੍ਹਾਂ ਨੇ ਰਾਜਪੂਤਾਨੇ ਵਿੱਚ ਭੱਟਿਆਨਾ ਤੇ ਭੱਟਨੇਰ ਨਗਰ ਵਸਾਏ ਸਨ; ਪੰਜਾਬ ਵਿਚ ਇਨ੍ਹਾਂ ਦੇ ਵਸਾਏ ਹੋਏ ਕਈ ਨਗਰ ਤੇ ਗ੍ਰਾਮ—ਜਿਵੇਂ ਭਠਿੰਡਾ ਤੇ ਪਿੰਡੀ ਭਟੀਆਂ—ਹਨ। ਕਈ ਬਹਾਦਰ ਤੇ ਯੋਧੇ ਬੀਰਤਾ-ਚਿੰਨ੍ਹ ਸਮਝ ਕੇ ਭੱਟੀ ਸ਼ਬਦ ਨੂੰ ਇੱਕ ਉਪਾਧੀ ਦੀ ਤਰ੍ਹਾਂ ਆਪਣੇ ਨਾਂ ਨਾਲ ਲਾਉਣਾ ਵੈਸੇ ਭੀ ਪਸੰਦ ਕਰਦੇ ਆਏ ਹਨ ਜਿਵੇਂ ਸਾਂਦਲ ਬਾਰ ਦਾ ਰਾਠ, ਦੁੱਲਾ ਭੱਟੀ ਪੰਜਾਬ ਵਿੱਚ ਇਕ ਉੱਘਾ ਯੋਧਾ ਹੋਇਆ ਹੈ।()

ਪਰ ਜਿਨ੍ਹਾਂ ਭੱਟਾਂ ਬਾਰੇ ਅਸੀਂ ਕੁਝ ਆਖਣਾ ਹੈ ਉਹ ਇਸ ਭੱਟੀ ਜਾਤੀ ਜਾਂ ਬੀਰਤਾ ਕਾਰਣ ਭੱਟ ਕਹਾਉਣ ਵਾਲੇ ਨਹੀਂ, ਉਹ ਇਕ ਖ਼ਾਸ ਸ਼੍ਰੇਣੀ ਹੈ ਜਿਸ ਨੇ ਹਿੰਦ ਦੇ ਸਾਹਿੱਤ ਅਤੇ ਇਤਿਹਾਸ ਦੀ ਸਿਰਜਨਾ ਤੇ ਸੰਭਾਲ ਵਿੱਚ ਮੁੱਢਲਾ ਤੇ ਨਰੋਆ ਹਿੱਸਾ ਪਾਇਆ ਹੈ; ਜਿਨ੍ਹਾਂ ਦੀ ਆਪਣੀ ਭਟਾਕ੍ਸ਼ਰੀ ਲਿਪੀ ਤੇ ਬੋਲੀ ਦੀ ਸ਼ੈਲੀ ਸਦੀਆਂ ਤੋਂ ਚਲੀ ਆ ਰਹੀ ਹੈ। ਆਖਣ ਨੂੰ ਤਾਂ ਇਹ ਲੋਕ ਨੀਚ ਜਾਤੀ ਦੇ ਬ੍ਰਾਹਮਣ ਜਾਂ ਦਾਨ ਬਖਸ਼ੀਸ਼ ਉਤੇ ਗੁਜ਼ਾਰਾ ਕਰਨ ਵਾਲੇ ਸਨ, ਪਰ ਜਿਉਂ ਜਿਉਂ ਇਸ ਜਾਤੀ ਦੇ ਲੋਕਾਂ ਬਾਰੇ ਜਾਣਕਾਰੀ ਮਿਲਦੀ ਹੈ ਤਾਂ ਇਨ੍ਹਾਂ ਦੇ ਸ਼ਾਨਦਾਰ ਇਤਿਹਾਸ ਦੇ ਕਈ ਉਹ ਵਾਕੇ ਸਾਹਮਣੇ ਆਉਂਦੇ ਹਨ ਜਿਨ੍ਹਾਂ ਵਿੱਚ ਇਨ੍ਹਾਂ ਦੀ ਉੱਚੀ ਵਿਦਵਤਾ, ਰਾਜ ਕਾਜ ਦੀ ਸੂਝ, ਸਾਹਿੱਤ ਸਿਰਜਣ ਦੀ ਕਲਾ ਤੇ ਉਸ ਦੀ ਵਰਤੋਂ ਦੇ ਕਮਾਲ ਦੇਖ ਕੇ ਸ਼ਰਧਾ ਉਪਜ ਪੈਂਦੀ ਹੈ। ਆਪਣੇ ਸਵਾਮੀਆਂ ਅਤੇ

---

* ਭੱਟ ਭਾੜੇ ਲਿਆ ਹੋਇਆ ਯੋਧਾ ਸਿਪਾਹੀ, ਭੱਟ ਉਸਤਤ ਕਰਨ ਵਾਲਾ ਕਵੀ, ਰਾਜ ਦਰਬਾਰਾਂ ਵਿਚ ਰਾਜਾ ਤੇ ਯੋਧਿਆ ਦਾ ਜਸ ਕਹਣ ਵਾਲਾ।

(ਮਹਾਨ ਕੋਸ਼ ਨਵੀਂ ਛਾਪ ਸਫ਼ਾ ਨੰਬਰ ੧੧)

() ਬਡੋ ਬਚਿਤ੍ਰ ਸਿੰਘ ਭਟ ਭਯੋ, ਉਦੇ ਸਿੰਘ ਦੂਸਰ ਬਿਦਤਯੋ।

(ਸੂਰਜ ਪ੍ਰਕਾਸ਼ਰੁਤ ੩ ਅੰਸੂ ੨੦)


Digitized by Panjab Digital Library | www.panjabdigilib.org

ਨਿਸਚਿਆਂ ਤੋਂ ਜਾਨਾਂ ਘੁੰਮਾਉਣ ਵਾਲੇ ਇਨ੍ਹਾਂ ਬਚਨ ਦੇ ਬਲੀਆਂ ਦੀਆਂ ਚਮਤਕਾਰੀ ਕਥਾਵਾਂ ਪੜ੍ਹ ਸੁਣ ਕੇ ਸਾਡੀਆਂ ਨਿਗਾਹਾਂ ਵਿੱਚ ਭਟ ਮੰਗਤੇ ਨਹੀਂ, ਸਗੋਂ ਸਾਡੇ ਸਮਾਜ ਦੇ ਕਿੰਨੇ ਹੀ ਪੱਖਾਂ ਤੋਂ ਉਸਰੱਈਆਂ ਦੇ ਰੂਪ ਵਿੱਚ ਪ੍ਰਗਟ ਹੁੰਦੇ ਹਨ।

ਸਾਹਿੱਤ ਸੰਸਾਰ ਵਿੱਚ ਇਹ ਗੱਲ ਬੜੀ ਪ੍ਰਸਿੱਧ ਹੈ ਕਿ ਮਹਾਰਾਜਾ ਪ੍ਰਿਥਵੀ ਰਾਜ ਰਾਜਕੁਮਾਰੀ ਸੰਯੋਗਤਾ ਦੀ ਪ੍ਰਾਪਤੀ ਪਿਛੋਂ ਰਾਜ ਕਾਜ ਦੇ ਕੰਮਾਂ ਤੋਂ ਅਵੇਸਲੇ ਹੋ ਕੇ ਨਵ-ਵਿਆਹੀ ਰਾਣੀ ਦੀਆਂ ਪ੍ਰੇਮ-ਤਣਾਵਾਂ ਵਿਚ ਮਸਤ ਹੋ ਭੌਰੇ ਦੇ ਸੁੰਦਰ ਫੁੱਲ ਵਿੱਚ ਲੁਪਤ ਹੋਣ ਵਾਂਗ ਗੁਆਚ ਗਏ ਸਨ। ਮਹਾਰਾਜ ਨੂੰ ਖਬਰਦਾਰ ਕਰਨ ਲਈ ਅਨੇਕ ਯਤਨ ਹੋਏ ਪਰ ਉਨ੍ਹਾਂ ਕਿਸੇ ਦੀ ਨਾ ਸੁਣੀ ਤੇ ਨਾ ਮੰਨੀ। ਉਨ੍ਹਾਂ ਦੇ ਪਿਆਰੇ ਚਾਂਦ ਭੱਟ ਨੇ ਜਦੋਂ ਇਹ ਹਾਲਤ ਦੇਖੀ ਤਾਂ ਮਹਾਰਾਜ ਨੂੰ ਇਕ ਸਤਰ ਲਿਖ ਕੇ ਘੱਲੀ :

'ਤੂੰ ਘਰ 'ਗੋਰੀ' ਰਤੀਆ। ਔਰ ਤਾ ਘਰ ਗੌਰੀ ਤਕੀਆ ;'

ਕਿ ਤੂੰ ਤਾਂ ਘਰੇ ਇਕ ਗੋਰੀ ਉਤੇ ਮੁਗਧ ਹੋਇਆ ਉਸ ਦੇ ਪ੍ਰੇਮ ਵਿੱਚ ਰੱਤਿਆ ਬੈਠਾ ਹੈਂ ਤੇਰਾ ਘਰ 'ਗੌਰੀ' ਤਕ ਰਹਿਆ ਹੈ। ਇਸ ਮਿੱਠੀ ਚੁਟਕੀ ਨੇ ਪ੍ਰਿਥਵੀ ਰਾਜ ਦੇ ਮਨ ਵਿੱਚ ਅਜੇਹੀ ਚੂੰਢੀ ਭਰੀ ਕਿ ਉਸ ਦੀ ਸੁੱਤੀ ਬੀਰਤਾ ਜਾਗ ਆਈ।

ਰਾਜਸਥਾਨੀ ਸਾਹਿੱਤ ਵਿੱਚ ਇੱਕ ਲੋਕ-ਕਥਾ ਪ੍ਰਚਲਿਤ ਹੈ ਕਿ ਪ੍ਰਿਥਵੀ ਰਾਜ ਨੂੰ ਸ਼ਹਾਬੁੱਦੀਨ ਗੌਰੀ ਕੈਦ ਕਰ ਕੇ ਗ਼ਜ਼ਨੀ ਲੈ ਗਇਆ ਸੀ। ਪ੍ਰਿਥਵੀ ਰਾਜ ਦੀਆਂ ਅੱਖਾਂ ਬੰਨ੍ਹ ਦਿੱਤੀਆਂ ਸਨ ਤੇ ਉਸ ਨੂੰ ਭਾਰੇ ਭਾਰੇ ਸੰਗਲਾਂ ਨਾਲ ਨੂੜ ਕੇ ਕਾਲ ਕੋਠੜੀ ਵਿੱਚ ਸੁਟਾ ਦਿੱਤਾ ਸੀ। ਚਾਂਦ ਭੱਟ ਇਸ ਤਰ੍ਹਾਂ ਦੀ ਦੁਖਦਾਈ ਹਾਲਤ ਸੁਣ ਕੇ ਗ਼ਜ਼ਨੀ ਪਹੁੰਚਿਆ। ਉਸ ਨੇ ਸੋਚਿਆ ਕਿ ਰਾਜੇ ਦਾ ਇਸ ਅਵਸਥਾ ਵਿੱਚੋਂ ਅਵੱਸ਼ ਹੀ ਛੁਟਕਾਰਾ ਹੋਣਾ ਚਾਹੀਦਾ ਹੈ। ਚਾਂਦ ਨੇ ਮਹਾਰਾਜੇ ਨੂੰ ਮਿਲਣ ਦੀ ਕਿਸੇ ਤਰ੍ਹਾਂ ਆਗਿਆ ਪ੍ਰਾਪਤ ਕਰ ਲਈ ਤੇ ਜਦੋਂ ਉਸ਼ ਨੇ ਰਾਜੇ ਦੀ ਬਦਹਾਲੀ ਦੇਖੀ ਤਾਂ ਹੋਰ ਭੀ ਕਰਾਹ ਉਠਿਆ। ਚਾਂਦ ਨੇ ਸ਼ਹਾਬੁੱਦੀਨ ਗ਼ੌਰੀ ਨੂੰ ਕਹਿਆ ਕਿ 'ਹੁਣ ਪ੍ਰਿਥਵੀ ਰਾਜ ਅੰਨ੍ਹਾ ਤੇ ਨਿਰਬਲ ਹੋ ਚੁਕਿਆ ਹੈ, ਹੁਣ ਤਾਂ

---

* ਸੰਯੋਗਤਾ ਰਾਜਾ ਜੈ ਚੰਦਰ ਦੀ ਉਂਦਰ ਧੀ ਸੀ। ਇਸ ਦੇ ਸੁਯੰਬਰ ਸਮੇਂ ਜੈ ਚੰਦਰ ਨੇ ਪ੍ਰਿਥਵੀ ਰਾਜ ਨੂੰ ਸੱਦਿਆ ਨਹੀਂ ਸੀ, ਸਗੋਂ ਈਰਖਾ ਕਾਰਨ ਉਸ ਦੀ ਇਕ ਮੂਰਤ ਬਣਵਾ ਕੇ ਦਵਾਰ ਪਾਲਾਂ ਦੀ ਥਾਂ ਖੜੀ ਕਰ ਦਿੱਤੀ ਸੀ। ਪਰ ਜਦੋਂ ਸੰਯੋਗਤਾ ਨੂੰ ਵਰ-ਮਾਲਾ ਪਾਉਣ ਲਈ ਕਹਿਆ ਗਇਆ ਤਾਂ ਉਸ ਨੇ ਦੇਸ਼ ਭਰ ਦੇ ਰਾਜ ਕੁਮਾਰਾਂ ਨੂੰ ਛੱਡ ਕੇ ਪ੍ਰਿਥਵੀ ਰਾਜ ਦੀ ਮਰਤੀ ਦੇ ਗੱਲ ਵਿਚ ਮਾਲਾ ਜਾ ਪਾਈ। ਉਧਰੋਂ ਉਸੇ ਵੇਲੇ ਪ੍ਰਿਥਵੀ ਰਾਜ ਜੋ ਉਥੇ ਹੀ ਲੁਕਿਆ ਹੋਇਆ ਸਾਰਾ ਕੌਤਕ ਵੇਖ ਰਹਿਆ ਸੀ, ਸੰਯੋਗਤਾ ਨੂੰ ਘੋੜੇ ਉਤੇ ਬਿਠਾ ਕੇ ਉਡੰਤਰ ਹੋ ਗਇਆ ਤੇ ਆਪਣੀ ਪਟਰਾਣੀ ਬਣਾ ਕੇ ਉਸ ਦੇ ਪ੍ਰੇਮ ਵਿਚ ਦੀਵਾਨਾ ਹੋ ਬੈਠਾ।


Digitized by Panjab Digital Library | www.panjabdigilib.org

ਇਹ ਦਿਨਾਂ ਦਾ ਹੀ ਪ੍ਰਾਹੁਣਾ ਹੈ, ਪਰ ਇਸ ਨੂੰ ਕਈ ਹੁਨਰ ਆਉਂਦੇ ਹਨ ਜਿਨ੍ਹਾਂ ਤੋਂ ਲਾਭ ਉਠਾਉਣਾ ਚਾਹੀਦਾ ਹੈ। ਇਸ ਨੂੰ ਇੱਕ ਸ਼ਬਦ-ਬੇਧੀ ਬਾਣ ਚਲਾਉਣਾ ਆਉਂਦਾ ਹੈ। ਸੱਤ ਤਵੇ ਇਕ ਪਾਸੇ ਰੱਖ ਕੇ ਇਸ ਦੇ ਹੱਥ ਵਿੱਚ ਧਨਖ ਬਾਣ ਦਿਤਾ ਜਾਵੇ ਤਾਂ ਇਹ ਸ਼ਬਦ ਦੇ ਇਸ਼ਾਰੇ ਨਾਲ ਹੀ ਉਨ੍ਹਾਂ ਨੂੰ ਵਿੰਨ੍ਹ ਦਿਖਾਵੇਗਾ।' ਇਸ ਤਰ੍ਹਾਂ ਦਾ ਤਮਾਸ਼ਾ ਵੇਖਣ ਲਈ ਪ੍ਰਿਥਵੀ ਰਾਜ ਨੂੰ ਸਭਾ ਵਿੱਚ ਸਦਿਆ ਗਇਆ। ਉਸ ਦੀਆਂ ਜ਼ੰਜੀਰਾਂ ਢਿੱਲੀਆਂ ਕਰ ਦਿੱਤੀਆਂ ਗਈਆਂ। ਚੰਗਾ ਖਾਣਾ ਖਵਾਇਆ ਗਇਆ। ਧਨਖ ਬਾਣ ਉਸ ਦੇ ਹੱਥਾਂ ਵਿੱਚ ਦੇ ਦਿੱਤਾ ਗਇਆ। ਪ੍ਰਿਥਵੀ ਰਾਜ ਚੌਂਕ ਵਿੱਚ ਧਨਖ ਬਾਣ ਲਈ ਖੜਾ ਸੀ, ਸ਼ਹਾਬੁੱਦੀਨ ਆਪਣੇ ਭਰੇ ਦਰਬਾਰ ਵਿੱਚ ਤਖ਼ਤ ਉਤੇ ਬੈਠਾ ਤਮਾਸ਼ਾ ਦੇਖ ਰਹਿਆ ਸੀ। ਚਾਂਦ ਭੱਟ ਨੇ ਰਾਜੇ ਦੀਆਂ ਨਾੜਾਂ ਵਿੱਚ ਬੀਰਤਾ ਦਾ ਖ਼ੂਨ ਗਰਮਾਉਣ ਲਈ ਛੰਦ ਆਖਣਾ ਸ਼ੁਰੂ ਕਰ ਢਿੱਤਾ :

ਏਹੀ ਬਾਣ ਚਹੁਆਨ ਰਾਮ ਰਾਵਣ ਉਤਥੱਪੋ।
ਏਹੀ ਬਾਣ ਚਹੁਆਨ; ਕਰਣ ਸਿਰ ਅਰਜਨ ਕਟਿਓ।
ਏਹੀ ਬਾਣ ਚਹੁਆਨ ਸੰਭੁ ਤ੍ਰਿਪਰਾਸਰ ਸੰਥਿਓ।
ਇਹੀ ਬਾਣ ਚਹੁਆਨ ਭ੍ਰਮਰ ਲਛਮਣ ਕਰ ਬੇਧਿਓ।
ਸੋ ਬਾਣ ਅਜ ਤੋ ਕਰ ਚੜ੍ਹਿਓ, ਚੜ੍ਹੇ ਬਿਰਦ ਸਾਚੋ ਚਵੇ।
ਚਹੁਆਨ ਰਾਜ ਸੰਭਰ ਧਨੀ ਮਤ ਚੂਕੋਂ ਮੋਟੋ ਤਵੇ।

ਛੰਦ ਦੀ ਪੂਰਤੀ ਤੇ ਪ੍ਰਿਥਵੀ ਰਾਜ ਨੂੰ ਧਨਖ ਚਲਾਉਂਦਾ ਦੇਖਣ ਲਈ ਸ਼ਹਾਬੁੱਦੀਨ ਆਪਣੇ ਤਖ਼ਤ ਤੋਂ ਸਿਰ ਉਠਾ ਕੇ ਅਗੇ ਵਲ ਦੇਖ ਰਹਿਆ ਸੀ ਚਾਂਦ ਕਵੀ ਨੇ ਆਪਣਾ ਇਸ਼ਾਰੇ ਭਰਿਆ ਦੋਹਾ ਗਾਇਆ :—

ਚਾਰ ਬੰਸ ਚੌਬੀਸ ਅੰਗੁਲ ਅਸਟ ਪ੍ਰਮਾਣ।
ਇਤੇ ਪਰ ਸੁਲਤਾਨ ਹੈ ਮਤ ਚੂਕੋ ਚਹੁਆਨ।

ਪ੍ਰਿਥਵੀ ਰਾਜ ਇਸ ਦੇ ਅਰਥਾਂ ਨੂੰ ਜਾਣ ਗਇਆ। ਉਸ ਨੇ ਪਹਲ਼ਾ ਬਾਣ ਤਵੇ ਉਤੇ ਮਾਰਿਆ ਤਾਕਿ ਸ਼ਹਾਬੁੱਦੀਨ ਸ਼ਬਦ-ਬੇਧੀ ਬਾਣ ਦਾ ਚਮਤਕਾਰ ਦੇਖਣ ਲਈ ਰਤਾ ਸਿਰ ਬਾਹਰ ਕੱਢ ਲਵੇ ਦੂਜਾ ਸ਼ਬਦ-ਬੇਧੀ ਬਾਣ ਸ਼ਹਾਬੁੱਦੀਨ ਦੇ ਗਲੇ ਤੋਂ ਪਾਰ ਕਰ ਦਿੱਤਾ। ਬਾਣ ਦਾ ਵਿੰਨਿਆ ਹੋਇਆ ਸ਼ਹਾਬੁੱਦੀਨ ਤਖ਼ਤ ਤੋਂ ਘੁਮਾਟੀ ਖਾ ਕੇ ਧਰਤੀ ਤੇ ਚੁਫਾਲ ਆ ਡਿਗਿਆ। ਰਾਜ ਦਰਬਾਰੀ ਇਸ ਅਚਾਨਕ ਵਰਤੀ ਹੋਣੀ ਕਾਰਣ ਮੱਚੀ ਹਾਹਾ-ਕਾਰ ਦੇ ਅਚੰਭੇ ਦੀ ਅਵਸਥਾ ਵਿੱਚੋਂ ਹਾਲਾਂ ਨਿਕਲੇ ਨਹੀਂ ਸਨ ਕਿ ਚਾਂਦ ਭੱਟ ਤੇ ਪ੍ਰਿਥਵੀ ਰਾਜ ਇਕ ਦੂਜ ਦੀਆਂ ਗਲਵਕੜੀਆਂ ਵਿੱਚ ਲਿਪਟ ਗਏ। ਜਿਵੇਂ ਕਿ



Digitized by Panjab Digital Library | www.panjabdigilib.org

ਉਨ੍ਹਾਂ ਪਹਲਾਂ ਹੀ ਮਿਥਿਆ ਹੋਇਆ ਸੀ, ਰਾਜੇ ਦੇ ਖੜਗ ਨੇ ਚਾਂਦ ਦਾ ਤੇ ਭੱਟ ਦੇ ਖੜਗ ਨੇ ਪ੍ਰਿਥਵੀ ਰਾਜ ਦਾ ਸਿਰ ਧੜ ਨਾਲੋਂ ਜੁਦਾ ਕਰ ਦਿੱਤਾ। ਇਉਂ ਚਾਂਦ ਭੱਟ ਦੇ ਵਾਕ-ਚਮਤਕਾਰਾਂ ਦੀ ਜ਼ਾਹਰੀ ਕਰਾਮਾਤ ਨੇ ਉਹ ਕੁਝ ਕਰ ਦਿਖਾਇਆ ਜੋ ਹੋਰ ਕਿਸੇ ਤਰ੍ਹਾਂ ਹੋਣਾ ਅਸੰਭਵ ਸੀ।*

ਭੱਟਾਂ ਦੀਆਂ ਇਸ ਤਰ੍ਹਾਂ ਦੀਆਂ ਕਈ ਬੀਰਤਾ ਅਤੇ ਕੁਰਬਾਨੀ ਵਾਲੀਆਂ ਹੋਰ ਘਟਨਾਵਾਂ ਭੀ ਮਿਲਦੀਆਂ ਹਨ, ਜਿਨ੍ਹਾਂ ਤੋਂ ਉਨ੍ਹਾਂ ਦੀ ਆਚਰਣ-ਦ੍ਰਿੜ੍ਹਤਾ ਅਤੇ ਆਪਣੇ ਪੇਸ਼ੇ ਦੀ ਉੱਚਤਾ ਉਘੜਦੀ ਹੈ। ਭੱਟ, ਉਸਤਤੀ ਕਰਨ ਵੇਲੇ ਕਈ ਵਾਰੀ ਕਿਵੇਂ ਸੱਚ ਦੀ ਓਟ ਨਹੀਂ ਸਨ ਛਡਦੇ ਤੇ ਝੂਠੀ ਉਪਮਾ ਕਰਾਉਣ ਵਾਲਿਆਂ ਨੂੰ ਕਿਸ ਤਰ੍ਹਾਂ ਤੋੜ ਕੇ ਜਵਾਬ ਦੇ ਦਿੰਦੇ ਸਨ ? ਇਹ ਸਾਰੀ ਚੀਜ਼ ਗੰਗ ਭੱਟ ਦੀ ਸ਼ਹੀਦੀ ਦੇ ਵਾਕੇ ਤੋਂ ਸਿੱਧ ਹੋ ਜਾਂਦੀ ਹੈ।

ਸੰਮਤ ਅਠਾਰਾਂ ਸੌ ਪੰਦਰਾਂ (੧੮੧੫) ਦੇ ਕਰੀਬ ਕਰੀਬ ਜਦੋਂ ਸਿੰਘਾਂ ਨੇ ਸਰਹਿੰਦ ਲੁਟ ਕੇ ਦਿੱਲੀ ਦੀ ਪਾਤਸ਼ਾਹੀ ਨੂੰ ਝਟਕੇ ਦੇਣੇ ਸ਼ੁਰੂ ਕੀਤੇ ਹੋਏ ਸਨ, ਬਾਦਸ਼ਾਹ ਦੀ ਕਮਜ਼ੋਰੀ ਦਾ ਫਾਇਦਾ ਉਠਾਉਂਦਾ ਹੋਇਆ ਇੱਕ ਗਾਜ਼ੀਉ-ਦੀਨ ਵਜ਼ੀਰ 'ਕਹਾਂਖੁਦਾ' ਬਣ ਬੈਠਾ ਸੀ। ਇਸ ਨਵੇਂ ਹਾਕਮ ਨੇ ਇਹ ਸਮਝ ਕੇ ਮੈਂ ਹੁਣ ਵੱਡਾ ਵਜ਼ੀਰ ਬਣ ਗਇਆ ਹਾਂ, ਜਿਵੇਂ ਹੋਰਨਾਂ ਬੀਰਾਂ ਦੀ ਭੱਟ ਉਪਮਾ ਗਾਉਂਦੇ ਹਨ, ਇਸ ਤਰ੍ਹਾਂ ਮੇਰੀ ਭੀ ਗਾਉਣ ਭੱਟਾਂ ਨੂੰ ਮੰਗਵਾ ਕੇ ਕਹਿਆ ਕਿ ਮੇਰੀ ਉਪਮਾ ਕਹੋ ? ਭੱਟਾਂ ਨੂੰ ਇਸ ਚਾਰ ਦਿਨਾਂ ਦੇ ਮਹਮਾਨ ਤੇ ਹੇਰਾ ਫੇਰੀ ਨਾਲ ਸ਼ਕਤੀ ਤੇ ਕਾਬੂ ਪਾਉਣ ਵਾਲੇ ਹਾਕਮ ਵਿਚੋਂ ਬੀਰਤਾ ਦੇ ਚਮਤਕਾਰ ਕਿਥੋਂ ਮਿਲਣੇ ਸਨ ! ਉਨ੍ਹਾਂ ਨੇ ਆਪਣੀ ਅਸਮਰਥਾ ਪ੍ਰਗਟ ਕਰ ਦਿਤੀ। ਭੂਤਰੇ ਹੋਏ ਗਾਜ਼ੀਉੱਦੀਨ ਨੇ ਉਨ੍ਹਾਂ ਨੂੰ ਕਚਹਰੀ ਵਿੱਚ ਹੀ ਮਰਵਾ ਦਿਤਾ। ਫਿਰ ਇੱਕ ਗੰਗ ਭੱਟ ਸੱਦਿਆ ਗਇਆ। ਉਸ ਦਾ ਖਿਆਲ ਸੀ ਕਿ ਪਹਲੇ ਭੱਟਾਂ ਨਾਲ ਹੋਏ ਸਲੂਕ ਤੋਂ ਇਸ ਨੂੰ

---

* ਰਾਜਸਥਾਨ ਦਾ ਇਤਿਹਾਸ ਪੰਨਾ ੧੩੧ ਲਿਖਤ ਕਰਨਲ ਜੇਮਸ਼ ਟਾਡ।

ਚਾਂਦ ਭੱਟ ਜਿਨ੍ਹਾਂ ਨੂੰ ਚੰਦ੍ਰ ਬਰਦਾਈ ਭੀ ਕਹਿਆ ਜਾਂਦਾ ਹੈ, ਸੰਮਤ ੧੧੫੧ ਵਿਚ ਲਾਹੌਰ ਪੈਦਾ ਹੋਏ ਸਨ। ਉਹ ਜਗਾਤ੍ਰਿ ਗੋਤ ਦੇ ਭੱਟ ਬ੍ਰਹਮਣ ਸਨ, ਇਨ੍ਹਾਂ ਪੂਰਬਜ਼ ਪੰਜਾਬੀ ਸਨ। ਲੋਕ ਕਥਾ ਹੈ ਕਿ ਇਹ ਪ੍ਰਿਥਵੀ ਰਾਜ ਦੇ ਨਾਲ ਹੀ ਰਹੇ ਸਨ ਤੇ ਦੋਵੇਂ ਇਕੱਠੇ ਮਰੇ ਸਨ। ਪ੍ਰਸਿੱਧ ਚੰਦਰ ਬਰਦਾਈ ਤੇ ਪ੍ਰਿਥਵੀ ਰਾਜ ਰਾਸੋ ਗ੍ਰੰਥ ਬਾਰੇ ਹਿੰਦੀ ਸਾਹਿੱਤਕਾਰਾਂ ਵਿੱਚ ਦੋ ਮਤ ਹਨ, ਇਕ ਇਹ ਕਿ ਇਸ ਗ੍ਰੰਥ ਦਾ ਮੂਲ ਅਪਭ੍ਰੰਸ ਵਿੱਚ ਬਹੁਤ ਛੋਟਾ ਸੀ ਜੋ ਪਿਛੋਂ ਵਧਾਇਆ ਗਇਆ ਹੈ। ਦੂਜੇ ਮਤ ਵਾਲੇ ਇਸ ਗ੍ਰੰਥ ਦੇ ਕੁਝ ਭਾਗ ਪ੍ਰਾਚੀਨ ਤੇ ਕੁਝ ਵਧਾਏ ਹੋਏ ਮੰਨਦੇ ਹਨ। ਪ੍ਰਿਥੀ ਚੰਦ ਅਤੇ ਚੰਦਰ ਬਰਦਾਈ ਦੀ ਇਸ ਤਰ੍ਹਾਂ ਨਾਟਕੀ ਮੌਤ ਦੇ ਇਸ ਪ੍ਰਸੰਗ ਬਾਰੇ ਵੀ ਦੋ ਰਾਵਾਂ ਹਨ।


Digitized by Panjab Digital Library | www.panjabdigilib.org

ਸਮਝ ਆ ਗਈ ਹੋਵੇਗੀ ? ਜਦੋਂ ਉਸ ਨੂੰ ਕਹਿਆ ਗਇਆ ਕਿ ਗ਼ਾਜ਼ੀਉੱਦੀਨ ਵੱਡੇ ਵਜ਼ੀਰ ਸਾਹਿਬ ਦਾ ਜਸ ਬਣਾਵੇ ਤਾਂ ਗੰਗ ਨੇ ਸਪਸ਼ਟ ਆਖ ਦਿੱਤਾ ਕਿ ਮੇਰੇ ਪਾਸੋਂ ਝੂਠਾ ਜਸ ਨਹੀਂ ਆਖਿਆ ਜਾਂਦਾ ਜਿਵੇਂ ਪਿਛਲੇ ਭੱਟ ਕਚਹਰੀ ਵਿੱਚ ਮਾਰੇ ਹਨ ਬੇਸ਼ਕ ਮੈਨੂੰ ਭੀ ਉਸੇ ਤਰ੍ਹਾਂ ਮਾਰ ਦੇਵੋ* ਤੇ ਉਸ ਨੇ ਸਗੋਂ ਟੱਕ ਕੀਤੀ :—

ਬਨਰੇ ਤੇ ਖਨਰੀ ਬਨੀ ਖਸਮ ਸੁ ਕੀਓ ਮਲ੍ਹਾਰ
ਝਾਂਟ ਨਾ ਖੁਸੀ ਜਾਟ ਕੀ ਇਮ ਲੂਟ ਖਾਇਓ ਸੰਸਾਰ †

ਇਹ ਸੁਣ ਕੇ ਗੁੱਸੇ ਵਿੱਚ ਵਜ਼ੀਰ ਨੇ ਹੁਕਮ ਦਿੱਤਾ ਕਿ ਇਸ ਨੂੰ ਮਸਤ ਹਾਥੀ ਦੇ ਪੈਰਾਂ ਥੱਲੇ ਮਿਧਵਾ ਕੇ ਮਰਵਾ ਦੇਵੋ। ਜਦੋਂ ਗੰਗ ਭੱਟ ਨੂੰ ਲੋਕਾਂ ਦੇ ਇਕੱਠ ਸਾਹਮਣੇ ਇਸ ਤਰ੍ਹਾਂ ਮਾਰਨ ਲਈ ਹਾਥੀ ਅੱਗੇ ਸੁਟਿਆ ਜਾਣ ਲੱਗਾ ਤਾਂ ਉਸ ਨੇ ਇਕੱਠੀ ਹੋਈ ਖਲਕਤ ਨੂੰ ਸੰਬੋਧਨ ਕਰ ਕੇ ਇੱਕ ਦੋਹਾ ਕਹਿਆ, ਜਿਹੜਾ ਮੂੰਹੋਂ ਮੂੰਹੀ ਉਸੇ ਵੇਲੇ ਸਾਰੇ ਫੈਲ ਗਇਆ ਸੀ :—

ਕਦੇ ਨਾ ਗਾਂਡੂ ਰਣ ਚੜ੍ਹੇ ਕਦੇ ਨਾ ਬਾਜੇ ਬੰਬ ।
ਸਗਲ ਸਭਾ ਕੋ ਰਾਮ ਰਾਮ ਬਿਦਾ ਹੋਤ ਹੈ ਗੰਗ ।

ਇਹ ਵਾਕੇ, ਇਹ ਸ਼ਹੀਦੀਆਂ ਦਸਦੀਆਂ ਹਨ ਕਿ ਭੱਟ ਕਿਵੇਂ ਆਪਣੀ ਪ੍ਰਥਾ ਤੇ ਵਫ਼ਾ ਕਾਇਮ ਰਖਣ ਲਈ ਜਾਨਾਂ ਉਤੇ ਖੇਲਦੇ ਰਹੇ ਹਨ। ਪੰਜਾਬ ਦੇ ਭੱਟ ਜਦੋਂ ਗੁਰੂ ਸਾਹਿਬ ਦੇ ਸੰਪਰਕ ਵਿਚ ਆਏ, ਉਨ੍ਹਾਂ ਨੇ ਨਾ ਸਿਰਫ ਓਜ-ਪੂਰਣ ਪਦ-ਰਚਨਾ ਕੀਤੀ,

---

* ਸ਼ਾਹ ਦਿਲੀ ਕੇ ਸੁਸਤ ਸੁਭਯੋ। ਵਜ਼ੀਰ ਗਾਜ਼ਦੀ ਗਾਜਤ ਭਯੋ।
ਮਨ ਮੈਂ ਗਾਜਦੀ ਕੀਓ ਅਭਿਮਾਨਾ। ਬੁਲਾਇ ਗੰਗ ਭਟ ਕੀਯੋ ਬਖਾਨ। ੩।
ਅਬ ਤੁਮ ਹਮਰੇ ਜੱਸ ਬਨਾਯੋ, ਹਮ ਕੋ ਤੁਮ ਵਡ ਵਜ਼ੀਰ ਅਖਾਯੋ।
ਗਾਜਦ ਬਨਰੋ ਹਮਰੋ ਖਿਤਾਬ, ਦਯੋ ਪਾਤਸ਼ਾਹ ਸੋ ਮੇਲੋ ਆਬ · ੪।
ਤਬੈ ਗੰਗ ਨੇ ਐਸੇ ਕਹਿਯੋ, ਹਮਤੇ ਝੂਠ ਨਾ ਆਖਤ ਜਯੋਂ।
ਸਚੋ ਸੱਚ ਜੁ ਕਹੋ ਬਖਾਨਾ ਕਰੋ ਸੱਚ ਪੈ ਜਾਨ ਕੁਰਬਾਨ। ੫।
ਪਿਛਲੇ ਭੱਟ ਕਚਹਰੀ ਮਾਂਹਿ, ਝੂਠ ਨਾ ਬੋਲ ਗਏ ਜਾਨ ਗਵਾਇ।
ਅਬ ਮੈਂ ਆਖੋ ਸਾਫ ਪਛਾਨਾ, ਮੈਂ ਬੀ ਕਰੋ ਅਬ ਜਾਨ ਕੁਰਬਾਨਾ। ੬।
ਦੋਹਰਾ— ਇਉਂ ਸੁਣ ਤਿਸ ਕੋ ਆਗ ਲਗੀ, ਆਗੇ ਗਯੰਦ ਦਯੋ ਡਾਰ।
ਮਰਤਾ ਹੂਆ ਕਹਿ ਮੂਯੋ, ਸੋ ਫੈਲ ਗਯੋ ਸੰਸਾਰ। ੭।
ਕਦੇ ਨਾ ਗਾਂਡੂ ਡੂਰਣ ਚੜ੍ਹੈ, ਕਦੇ ਬਾਜੇ ਬੰਬ।
ਸਗਲ ਸਭਾ ਕੋ ਰਾਮ ਰਾਮ ਬਿਦਾ ਹੋਤ ਹੈ ਗੰਗ। ੮।
(ਪ੍ਰਾਚੀਨ ਪੰਥ ਪ੍ਰਕਾਸ਼)

† ਪ੍ਰਾਚੀਨ ਪੰਥ ਪ੍ਰਕਾਸ਼ ਕ੍ਰਿਤ ਰਤਨ ਸਿੰਘ ਭੰਗੂ।

Digitized by Panjab Digital Library | www.panjabdigilib.org

ਸਗੋਂ ਕਈ ਜੰਗਾਂ ਜੱਧਾਂ ਵਿੱਚ ਬੀਰਤਾ ਦੇ ਜੌਹਰ ਭੀ ਦਿਖਾਏ, ਕਈ ਵਾਰ ਉਹ ਆਪਣੇ ਜਜਮਾਨਾਂ ਤੋਂ ਉਗਰਾਹੀ ਕਰਦੇ ਸਿੱਖੀ ਦੇ ਪ੍ਰਚਾਰਕ ਹੋਣ ਕਾਰਣ ਫੜ ਕੇ ਸ਼ਹੀਦ ਕੀਤੇਗਏ। ਬੀਰਤਾ ਤੇ ਵਫ਼ਾ ਦੀਆਂ ਇਹ ਮਿਸਾਲਾਂ ਸਾਨੂੰ ਇਸ ਜਾਤੀ ਦੇ ਦੂਜੇ ਪੱਖਾਂ ਨੂੰ ਜਾਨਣ ਲਈ ਟੁੰਬਦੀਆਂ ਹਨ ਕਿ ਵਿਦਵਤਾ ਸਾਹਿੱਤ ਆਦਿਕ ਖੇਤਰਾਂ ਵਿੱਚ ਇਸ ਸ਼੍ਰੇਣੀ ਦਾ ਕੀ ਦਰਜਾ ਰਹਿਆ ਹੈ ? ਵਿਦਵਤਾ ਦਾ ਖੇਤਰ ਤਾਂ ਪਹਲਾਂ ਸੀ ਹੀ ਭੱਟਾਂ ਦੀ ਆਪਣੀ ਕਰਮ-ਭੂਮੀ। ਵੇਦਾਂ ਤੇ ਪੁਰਾਣਾਂ ਦੀ ਸਿਰਜਨਾਂ ਵਿੱਚ ਇਨ੍ਹਾਂ ਦਾ ਕਿੰਨਾ ਹਿਸਾ ਹੈ ? ਭਾਵੇਂ ਇਸ ਦਾ ਪੂਰਾ ਨਿਖੇੜਾ ਨਹੀਂ ਹੋ ਸਕਿਆ ਤੇ ਕਰਨਾ ਸੰਭਵ ਭੀ ਨਹੀਂ, ਪਰ ਵੈਦਿਕ ਕਾਲ ਉਤੇ ਖੋਜਾਂ ਕਰਨ ਵਾਲੇ ਵਿਦਵਾਨ ਇਸ ਗੱਲ ਤੇ ਸਹਮਤ ਹਨ ਕਿ ਬਹੁਤ ਸਾਰੇ ਸੂਤਰ ਤੇ ਮੰਤਰ ਭੱਟਾਂ ਦੇ ਰਚੇ ਹੋਏ ਹਨ।* ਭੱਟਾਂ ਨੂੰ ਵਿਦਿਆ ਦੇ ਅਵਤਾਰ ਮੰਨਿਆ ਜਾਂਦਾ ਰਹਿਆ ਹੈ। ਗਿਆਨ ਦੇ ਖੇਤਰ ਵਿੱਚ ਇਨ੍ਹਾਂ ਨੂੰ ਉੱਚਾ ਦਰਜਾ ਹੋਣ ਕਾਰਣ ਭੱਟ ਤੇ ਭਟਾਚਾਰੀਆ ਸ਼ਬਦ ਵਿਦਵਾਨ ਹੋਣ ਦੀ ਉਪਾਧੀ ਦੇ ਤੌਰ ਤੇ ਉਹ ਲੋਕ ਵੀ ਜੋ ਭੱਟ ਨਹੀਂ ਸਨ ਵਰਤਣ ਲਗ ਪਏ ਸਨ।

ਸੰਸਕ੍ਰਿਤ ਦੇ ਪ੍ਰਸਿਧ ਗ੍ਰੰਥ ਕਾਦੰਬਰੀ ਦਾ ਕਰਤਾ ਬਾਣ ਭੱਟ ਆਪਣੀ ਆਤਮ-ਕਥਾ ਵਿੱਚ ਲਿਖਦਾ ਹੈ ਕਿ ਮੇਰੇ ਨਾਲ ਭੱਟ ਤਾਂ ਲੋਕਾਂ ਨੇ ਪਿੱਛੋਂ (ਵਿਦਵਾਨ ਜਾਣ ਕੇ) ਜੋੜਿਆ ਸੀ, ਉਹ ਲਿਖਦਾ ਹੈ ਕਿ ਮੈਂ ਆਵਾਰਾ, ਗੱਪੀ, ਘੁਮੱਕੜ ਤੇ ਕਦੇ ਭੀ ਨਿੱਚਲਾ ਹੋ ਕੇ ਬੈਠਣ ਵਾਲਾ ਨਹੀਂ ਸੀ। ਮੈਂ ਆਪਣੀ ਉਮਰ ਦੇ ਕੁਝ ਹੋਰ ਛੋਕਰਿਆਂ ਨੂੰ ਨਾਲ ਲੈ ਕੇ ਪਿੰਡੋਂ ਨਿਕਲ ਗਇਆ ਸੀ। ਮਗਧ ਦੀ ਬੋਲੀ ਵਿੱਚ 'ਬਾਣ੍ਡਾ' ਪੂਛ ਕਟਾ ਜਾਣੀ ਲੰਡੇ ਨੂੰ ਕਹਿੰਦੇ ਹਨ, ਮੇਰੀਆਂ ਕਰਤੂਤਾਂ ਕਾਰਣ ਲੋਕਾਂ ਨੇ ਮੇਰਾ ਇਹ ਨਾਉਂ ਪਾਇਆ ਹੋਇਆ ਸੀ ਜਦੋਂ ਕਿ ਮੇਰਾ ਅਸਲੀ ਨਾਉਂ ਦੱਛ (ਦਕ੍ਸ਼) ਸੀ। ਪਰ ਮੈਂ ਆਪਣਾ ਅਸਲੀ ਨਾਉਂ ਛਡ ਕੇ ਲੋਕਾਂ ਦੇ ਪਾਏ ਇਸ ਨਾਉਂ ਦਾ ਸ਼ੁਧੀ-ਕਰਣ ਕਰਕੇ ਆਪਣਾ ਨਾਮ 'ਬਾਣ ਭੱਟ' ਪਾ ਲਿਆ। †

ਮਹਾਂ ਪੰਡਿਤ ਗੌਰੀ ਸ਼ੰਕਰ ਓਝਾ ਜੀ ਆਪਣੀ ਅਮਰ ਰਚਨਾ ਰਾਜਪੂਤਾਨੇ ਕਾ ਇਤਿਹਾਸ' ਵਿੱਚ ਇਕ ਮਹਾਨ ਅਚਾਰੀਆਂ ਭੱਟ ਦਾ ਵਰਣਨ ਕਰਕੇ ਲਿਖੇ ਹਨ ਕਿ 'ਬੀਕਾਨੇਰ ਦੇ ਮਹਾਰਾਜ ਅਨੂਪ ਸਿੰਘ ਦੇ ਦਰਬਾਰ ਵਿੱਚ ਇਕ ਸੰਗੀਤ ਪੰਡਿਤ 'ਭਾਵ ਭੱਟ ਨਾਮ' ਨੇ 'ਅਨੂਪਾਂਕੁਸ', 'ਅਨੂਪ ਸੰਗੀਤ ਬਿਲਾਸ'

---

* ਬੀਰ ਕਾਵਜ, ਸਫ਼ਾ ੧੫ ਸ੍ਰੀ ਉਦਯ ਨਰਾਇਣ ਤਿਵਾੜੀ।

† ਬਾਣ ਭੱਟ ਕੀ ਆਤਮ ਕਥਾ ਸਫ਼ਾ ੧੦, ਹਜ਼ਾਰੀ ਪ੍ਰਸਾਦ ਦ੍ਵਿਵੇਦੀ



Digitized by Panjab Digital Library | www.panjabdigilib.org

ਤੇ 'ਅਨੂਪ ਰਤਨਕਾਰ' ਸੰਗੀਤ ਗ੍ਰੰਥਾਂ ਦੀ ਰਚਨਾ ਕੀਤੀ ਸੀ। ਭਾਵ ਭੱਟ ਦਾ ਪਿਤਾ ਜਨਾਰਦਨ ਭੱਟ ਸ਼ਾਹਜਹਾਂ ਦੇ ਦਰਬਾਰ ਦਾ ਗਵੱਈਆ ਸੀ।*

ਭੱਟਾਂ ਨੂੰ ਆਪਣੀ ਬਾਣੀ ਉਤੇ ਕਿਤਨਾ ਮਾਣ ਸੀ, ਇਸ ਗੱਲ ਦਾ ਪਤਾ ਇਕ ਚਤਰੇ ਭੱਟ ਬਾਰੇ ਆਈ ਇਕ ਵਾਰਤਾ ਤੋਂ ਮਿਲਦਾ ਹੈ। ਭੱਟਾਂ ਨੂੰ ਬਹੁਤ ਵਾਰੀ ਰਾਜਿਆਂ ਦਾ ਕ੍ਰੋਧ ਸਹਣਾ ਪੈਂਦਾ ਸੀ, ਕਦੇ ਮਨ ਭਾਉਂਦੀ ਉਪਮਾ ਨਾ ਕਹੀ ਜਾ ਸਕੇ, ਕਦੇ ਉਨ੍ਹਾਂ ਦੇ ਛੰਦਾਂ ਵਿੱਚ ਰੂਪਕ ਤੇ ਅਲੰਕਾਰ ਰਾਜੇ ਦੇ ਪਸੰਦ ਨਾ ਆਉਣ ਤੇ, ਕਈ ਵਾਰ ਕਿਸੇ ਦੂਜੇ ਰਾਜੇ ਦੀ ਵਧ ਉਪਮਾ ਕਰੇ ਜਾਣ ਤੋਂ ਰਾਜਾ ਲੋਗ ਕ੍ਰੋਧਿਤ ਹੋ ਜਾਂਦੇ ਸਨ। ਅਜਿਹੇ ਵੇਲਿਆਂ ਉਤੇ ਭੱਟ ਜਿਸ ਚਤੁਰਤਾ ਨਾਲ ਮੌਕਾ ਸੰਭਾਲਦੇ ਸਨ, ਕ੍ਰੋਧ ਨੂੰ ਹੁਲਾਸ ਵਿੱਚ ਬਦਲਣ ਲਈ ਜੋ ਕਰਾਮਾਤਾਂ ਕਰ ਦਿਖਾਉਂਦੇ ਸਨ, ਉਸ ਤੋਂ ਪ੍ਰਤੀਤ ਹੁੰਦਾ ਹੈ ਕਿ ਅਜਿਹੇ ਵੇਲਿਆਂ ਸਮੇਂ ਸਚ ਮੁਚ ਹੀ ਸਰਸੁਤੀ ਦੇਵੀ ਉਨ੍ਹਾਂ ਦੀ ਜੀਭਾਂ ਤੇ ਆ ਵਾਸ ਕਰਦੀ ਸੀ।

ਇਕ ਘਟਨਾ ਆਉਂਦੀ ਹੈ ਕਿ ਸਤਾਰਵੀਂ ਸਦੀ ਦੇ ਚਤਰੇ ਨਾਮੀ ਮੋਤੀਸਰ() ਚਾਰਣਨੇ ਇਕ ਯੁਧ ਕਥਾ ਲਿਖੀ ਜਿਸ ਵਿੱਚ ਰਾਜਾ ਭੀਮ ਤੇ ਗਜ ਸਿੰਘ ਦੇ ਯੁਧ ਦਾ ਵਰਣਨ ਸੀ। ਗਜ ਸਿੰਘ ਨੇ ਭੀਮ ਨੂੰ ਮਾਰ ਦਿੱਤਾ ਸੀ. ਪਰ ਕਵੀ ਨੇ ਉਹਦੀ ਮੌਤ ਦਾ ਵਰਨਣ ਇਸ ਤਰ੍ਹਾਂ ਕੀਤਾ ਕਿ ਉਹ ਬੀਰਤਾ ਨਾਲ ਨਹੀਂ ਮਾਰਿਆ ਗਇਆ ਸੀ। ਉਸ ਨੇ ਲਿਖਿਆ : 'ਜਿਵੇਂ ਕਈ ਆਦਮੀ ਭੈਂਸੇ ਨੂੰ ਘੇਰ ਕੇ ਭਾਲਿਆਂ ਨਾਲ ਵਿੰਨ੍ਹ ਕੇ ਮਾਰ ਦੇਣ, ਇਸ ਤਰ੍ਹਾਂ ਙਾਂ ਭਾਵੇਂ ਕਿਸੇ ਨੂੰ ਮਾਰ ਦਿੱਤਾ ਜਾਵੇ ? ਇਹ ਬੀਰਾਂ ਦੇ ਕਰਤੱਵ ਨਹੀਂ ਹੁੰਦੇ!' ਗਜ ਸਿੰਘ ਇਹ ਸੁਣ ਕੇ ਦੁਖੀ ਹੋਇਆ ਤੇ ਉਸ ਨੇ ਕਹਿਆ, ਜਦੋਂ ਇਸ ਕਾਵਿ ਰਚਨਾ ਦਾ ਕਰਤਾ ਭਟ ਦਰਬਾਰ ਵਿੱਚ ਆਵੇ ਤਾਂ ਤਲਵਾਰ ਨਾਲ ਸਿਰ ਲਾਹ ਦਿੱਤਾ ਜਾਵੇ। ਇਹ ਸਣ ਕੇ ਭੱਟ ਉਸ ਦੇ ਰਾਜ ਦਰਬਾਰ ਵਿੱਚ ਆ ਪੁੱਜਿਆਂ। ਭੀਮ ਸਿੰਘ ਨੇ ਉਸ ਦਾ ਸਿਰ ਕਲਮ ਕਰਨ ਲਈ ਤਲਵਾਰ ਖਿੱਚ ਲਈ ਤੇ ਅਗੋਂ ਚਤਰੇ ਭਟ ਨੇ ਆਪਣੀ ਬਾਣੀ ਦਾ ਅਜਿਹਾ ਬਾਣ ਚਲਾਇਆ ਕਿ ਤਲਵਾਰ ਮਿਆਨ ਵਿੱਚ ਜਾ ਲੁਕੀ। ਉਸ ਨੇ ਕਹਿਆ ਕਿ ਇਹ ਤਲਵਾਰ ਤੂੰ ਕਿਸ ਲਈ ਖਿੱਚੀ ਹੈ ? ਇਸ ਨੂੰ ਤਾਂ ਦੇਖਦਿਆਂ ਹ ਤੁਰਕ ਭਜ ਗਏ ਹਨ ਤ ਹਿੰਦੂਆਂ ਦੇ ਘਰ ਉਤਸਵ ਮਨਾਂਏ ਜਾ ਰਹੇ ਹਨ। ਣ ਇਸ ਦੇ ਵ੍ਹਾਰ ਦੀ ਕੀ ਲੋੜ :

ਤੂੰ ਤੋਲੇ ਤਲਵਾਰ ਸਿਰ ਸੋਹੇ ਗਜ ਸਿੰਹ ਦੇ।
ਹੁਈ ਤੁਰਕਾਨੀ ਹਾਰ ਹਿੰਦੂਆਨੇ ਉਤਸਵ ਹੁਏ।

---

* ਰਾਜਪੂਤਾਨੇ ਦਾ ਇਤਿਹਾਸ ਸਫਾ ੩੩, ਗੋਰੀ ਸ਼ੰਕਰ ਹੀਰਾ ਚੰਦ ਓਝਾ।

() ਮੋਤੀਸਰ ਭੱਟਾਂ ਦੀ ਇੱਕ ਉਪਜਾਤੀ ਦਾ ਨਾਮ ਹੈ। ਵੇਖੋ ਅਗੇ ਭੱਟਾਂ ਦੀਆਂ ਉਪਜਾਤੀਆਂ।


Digitized by Panjab Digital Library | www.panjabdigilib.org

ਇਹ ਸੁਣ ਕੇ ਗੁੱਸੇ ਦਾ ਭਰਿਆ ਰਾਜਾ ਸ਼ਾਂਤ ਹੋ ਗਇਆ। ਉਸ ਦੇ ਫਲ ਸ੍ਵਰੂਪ ਭੱਟ ਦੀ ਜਾਨ-ਬਖਸ਼ੀ ਭੀ ਹੋਈ ਤੇ ਜ਼ਬਤ ਜਾਇਦਾਦ ਵਾਪਸ ਕਰ ਕੇ ਉਸ ਨੂੰ ਹੋਰ ਦਾਨ ਭੀ ਦਿੱਤੇ ਗਏ ।

ਇਹ ਘਟਨਾ ਸਿੱਧ ਕਰਦੀ ਹੈ ਕਿ ਭੱਟ ਆਪਣੀ ਬਾਣੀ ਦੀ ਚਤੁਰਤਾ ਤੇ ਭਰੋਸਾ ਰਖਦੇ ਹੋਏ ਕਿਵੇਂ ਮੌਤ ਨਾਲ ਖੇਲ੍ਹਦੇ ਹੋਏ ਕਾਲ ਦੇ ਮੂੰਹੋ ਜੀਵਨ ਪ੍ਰਾਪਤ ਕਰ ਲੈਂਦੇ ਸਨ।

ਭੱਟਾਂ ਦੀ ਰਚਨਾ ਕਈ ਵਾਰ ਵਾਕ ਸਿੱਧੀ ਦੇ ਮਹਾਨ ਚਮਤਕਾਰ ਕਰ ਵਿਖਾਉਂਦੀ ਸੀ । ਭੱਟ ਪਦਮਾਕਰ ਦੀ ਇਕ ਕਥਾ ਪ੍ਰਸਿਧ ਹੈ: ਕਿ ਕਵੀ ਪਦਮਾਕਰ ਜੋ ਅਸਲੇ ਤੋਂ ਭੱਟ ਸਨ* ਇਕ ਵਾਰੀ ਕੁਸ਼ਟ ਰੋਗ ਦੀ ਲਪੇਟ ਵਿਚ ਆ ਗਏ। ਉਨ੍ਹਾਂ ਨੇ ਇਸ ਰੋਗ ਸਮੇਂ "ਗੰਗਾ ਲਹਰੀ" ਗ੍ਰੰਥ ਦੀ ਰਚਨਾ ਕੀਤੀ ਜਿਉਂ ਜਿਉਂ ਉਹ ਗ੍ਰੰਥ ਦੀ ਰਚਨਾ ਕਰਦੇ ਗਏ ਰੋਗ ਤੋਂ ਮੁਕਤ ਹੁੰਦੇ ਗਏ। ਇਉਂ ਭੱਟ ਮਹਾ ਉਦਵਾਨ ਤੇ ਅਦੁਤੀ ਸੰਗੀਤ ਚਾਰਯ, ਤੇ ਆਪਣੀ ਬਾਣੀ ਦੀਆਂ ਸਿੱਧੀਆਂ ਕਾਰਣ, (ਜਿਨ੍ਹਾਂ ਦੀਆਂ ਇਹ ਕੁਝ ਕ ਵੰਨਗੀਆਂ ਹੀ ਸਨ) ਸਾਡੇ ਸਮਾਜ ਵਿਚ ਆਪਣੀ ਵਿਲੱਖਣਤਾ ਰਖਦੇ ਆਏ ਹਨ। ਭੱਟਾਂ ਦੀ ਸਾਹਿੱਤਕ ਦੇਣ– ਨੀਤੀ ਬਚਨ, ਸਿੰਗਾਰ ਭਰੇ ਛੰਦ, ਬੀਰ ਰਸੀ ਦੋਹੇ, ਨਿਕੇ ਵੱਡੇ ਗ੍ਰੰਥ ਤੇ ਵਾਰਤਾਲਾਪ ਇਤਨੇ ਹਨ ਕਿ ਜਿਸ ਜਿਸ ਭਾਸ਼ਾ ਵਾਲਿਆਂ ਨੇ ਉਨ੍ਹਾਂ ਦੀ ਸ਼ਰਤ ਸੰਭਾਲ ਕੀਤੀ ਹੈ ਇਹ ਰਚਨਾਵਾਂ ਉਨ੍ਹਾਂ ਦੇ ਆਦਿ ਸਾਹਿੱਤ ਦੇ ਮਾਣ ਯੋਗ ਭਾਂਗ ਬਣ ਗਈਆਂ ਹਨ। ਜਦੋਂ ਸਾਡੇ ਪੰਜਾਬੀ ਦੇ ਸਾਹਿੱਤ ਵਿਚ ਭੱਟਾਂ ਦੇ ਕਾਲ ਉਤੇ ਮੁਕੰਮਲ ਖੋਜ ਹੋਈ ਸਾਨੂੰ ਯਕੀਨ ਹੈ ਸਾਡੇ ਸਾਹਿੱਤ ਦੇ ਆਦਿ ਕਾਲ ਦਾ ਇਕ ਡੂੰਘਾ ਖੱਪਾ ਪੂਰਿਆ ਜਾਵੇਗਾ। ਨਾਥ ਸਾਹਿੱਤ ਦੀ ਜਮਨਾ ਤੇ ਭਗਤੀ ਕਾਲ ਦੇ ਫਰੀਦ ਜੀ ਅਤੇ ਗੁਰੂ ਸਾਹਿਬਾਨ ਦੇ ਸਾਹਿੱਤ ਦੀ ਗੰਗਾ ਵਿਚਕਾਰ ਬੀਰ ਰਸੀ ਕਾਲ ਦੀ ਜੋ ਸਰਸ੍ਵਤੀ ਲੁਪਤ ਹੋਈ ਹੋਈ ਹੈ ਉਸਦੇ ਪ੍ਰਗਟ ਹੋਣ ਉਤੇ ਹੀ ਅਸੀਂ ਆਪਣੇ ਸਾਹਿੱਤਕ ਕੁੰਭ ਦੇ ਤ੍ਰਿਬੇਣੀ ਸੰਗਮ ਵਿਚ ਟੁੱਬੀਆਂ ਲਾ ਸਕਾਂਗੇ।

ਪੰਜਾਬ ਦੇ ਇਤਿਹਾਸ ਤੇ ਏਥੋਂ ਦੇ ਪੁਰਾਣੇ ਸਮਿਆਂ ਦੇ ਲੋਕਾਂ ਬਾਰੇ ਤਾਂ ਅਸੀਂ ਉਨ੍ਹਾਂ ਚਿਰ ਠੀਕ ਜਾਣ ਹੀ ਨਹੀਂ ਸਕਦੇ ਜਿੰਨਾ ਚਿਰ ਭੱਟਾਂ ਦੀਆਂ ਰਚਨਾਵਾਂ ਵਹੀਆਂ ਤੇ ਲਿਖਤਾਂ ਦੀ ਪੁਣ-ਛਾਣ ਨਾ ਕਰ ਸਕੀਏ। ਪੁਰਾਣੇ ਵੱਡੇ ਛੋਟੇ ਖਾਨਦਾਨਾਂ ਦੀਆਂ ਬੰਸਾਵਲੀਆਂ; ਉਨ੍ਹਾਂ ਤੋਂ ਮਿਲੇ ਸਮੇਂ ਸਮੇਂ ਦਾਨ ਤੇ ਬਖਸ਼ੀਸ਼ਾਂ ਦਾ ਪ੍ਰਾਪਤੀ ਵੇਲੇ ਦਿੱਤੇ ਗਏ ਨੋਟ ਸਾਡੇ ਇਤਿਹਾਸ ਲਈ ਜਿਤਨਾ ਮੁਢਲਾ ਤੇ ਕੀਮਤੀ ਕੱਚਾ ਮਸਾਲਾ ਹਨ ਉਹ ਹੋਰ ਕਿਧਰੋ ਮਿਲ ਹੀ ਨਹੀ ਸਕਦਾ।

---

* ਪਦਮਾਕਰ ਜੀ ਦੇ ਪਿਤਾ ਮੋਹਨ ਲਾਲ ਭੱਟ ਮੱਧ ਪ੍ਰਾਂਤ ਦੇ ਰਹਣ ਵਾਲੇ ਸਨ, ਉਨ੍ਹਾਂ ਦੇ ਵੱਡੇ ਵਡੇਰਿਆਂ ਵਿੱਚ ਮਧੁਕਰ ਭੱਟ ਯਜਰ ਵੇਦੀ ਬ੍ਰਹਮਣ ਸਨ।


Digitized by Panjab Digital Library | www.panjabdigilib.org

ਹਾਲਾਂ ਤਾਂ ਸਾਡੇ ਲਈ ਏਹੋ ਹੀ ਪਹਲੀ ਗੱਲ ਬਣੀ ਹੋਈ ਹੈ ਕਿ ਇਹ ਭੱਟ ਹੁੰਦੇ ਕੌਣ ਸਨ ਤੇ ਕਿਸ ਤਰ੍ਹਾਂ ਦੀ ਇਨ੍ਹਾਂ ਦੀ ਧਾਰਨਾ ਤੇ ਕਿਵੇਂ ਤੇ ਕਿਹੋ ਜਿਹੀਆਂ ਰਚਨਾਵਾਂ ਰਚਦੇ ਰਹੇ ?

## ਭੱਟਾਂ ਦੀ ਉਤਪਤੀ

ਸ਼ਬਦ ਕੋਸ਼ ਵਿੱਚ ਭਟ ਦੇ ਅਰਥ ਜਜਮਾਨਾਂ ਦੇ ਮੰਗਲ-ਮਈ ਸਮਿਆਂ ਤੇ ਜਸ ਕਹ ਕੇ ਦਾਨ ਲੈਣ ਵਾਲਾ, ਰਾਜਿਆਂ ਦੇ ਆਗਮਨ ਸਮੇਂ ਰਾਜ ਦਰਬਾਰ ਵਿੱਚ ਉਸਤਤ-ਪਾਠ, ਲੋਕਾਂ ਦੀਆਂ ਬੰਸਾਵਲੀਆਂ, ਗੋਤਰਾਂ ਚਾਰ ਜਾਂ ਕੁਲ ਉਸਤਤ ਕਹ ਕੇ ਗੁਜ਼ਾਰਾ ਕਰਨ ਵਾਲਾ, ਅਤੇ ਯੋਧਾ ਤੇ ਬੀਰ ਕੀਤੇ ਗਏ ਹਨ ।* ਪ੍ਰਸ਼ਨ ਇਹ ਉਠਦਾ ਹੈ ਕਿ ਜਸ ਗਾਉਣ ਵਾਲੇ ਅਤੇ ਰਣ ਮੈਦਾਨ ਵਿੱਚ ਲੜਨ ਵਾਲੇ ਦੋਵੇਂ ਸ਼੍ਰੇਣੀਆਂ ਦੇ ਲੋਕਾਂ ਨੂੰ ਭੱਟ ਕਿਉਂ ਕਹਿਆ ਗਇਆ ? ਇਸ ਪ੍ਰਸ਼ਨ ਦਾ ਉੱਤਰ 'ਭਟ' ਸ਼ਬਦ ਦੀ ਵਿਉਤਪਤੀ ਲੱਭਣ ਨਾਲ ਮਿਲ ਜਾਂਦਾ ਹੈ । ਭੱਟ ਸੰਸਕ੍ਰਿਤ ਦਾ ਸ਼ਬਦ ਹੈ ਜਿਸ ਦਾ ਅਸਲ ਰੂਪ ਭੱਟ ਹੈ ਭਾਟ ਨਹੀਂ, ਜਿਵੇਂ ਰਾਜਸਥਾਨੀ ਤੇ ਹਿੰਦੀ ਵਾਲਿਆਂ ਨੇ ਬਣਾ ਲਇਆ ਹੈ । ਪੰਜਾਬੀ ਵਿੱਚ ਅਸੀਂ ਇਸ ਦੇ ਸ਼ੁਧ ਰੂਪ ਦੀ ਵਰਤੋਂ ਕਰਦੇ ਹਾਂ । ਭੱਟ ਦਾ ਮੌਜੂਦਾ ਦੁੱਤਤਾ ਵਾਲਾ ਪ੍ਰਚਲਿਤ 'ਭੱਟ' ਭਟ ਦਾ ਇਕ ਰੂਪਾਂਤਰ ਹੈ ਤੇ ਭੱਟ ਤੋਂ ਭਾਟ ਉਸੇ ਤਰ੍ਹਾਂ ਦੇ ਉਚਾਰਣ-ਭੇਦ ਕਾਰਣ ਬਣਿਆ ਹੈ, ਜਿਸ ਤਰ੍ਹਾਂ ਜੱਟ ਤੋਂ ਜਾਟ ।

ਭੱਟ ਸ਼ਬਦ (भृत) ਭ੍ਰਿਤ ਦਾ ਇਕ ਲੌਕਕ ਰੂਪ ਹੈ ਜੋ ਭ੍ਰਿ (भृ) ਧਾਤੂ ਤੋਂ ਬਣਿਆ ਹੈ । ਜਿਵੇਂ ਨ੍ਰਿਤ ਤੋਂ ਨਟ ('ਤ' ਦਾ 'ਟ' ਉਚਾਰਨ ਹੋ ਜਾਣ ਕਰ ਕੇ) ਬਣਿਆ ਹੈ, ਇਸੇ ਤਰ੍ਹਾਂ ਭ੍ਰਿਤ ਤੋਂ ਭਟ ਬਣਿਆ ਹੈ । ਭ੍ਰਿਤ ਦੇ ਅਰਥ ਹਨ ਪੈਸਿਆਂ (ਭਾੜੇ) ਤੇ ਕੰਮ ਕਰਨ ਵਾਲਾ ਨੌਕਰ, ਸੇਵਕ, ਦਾਸ ਤੇ ਬੰਦੀਜਨ ।() ਰਾਜਾ ਸ਼ਾਹੀ ਸਮੇਂ ਅਜਿਹੇ ਨੌਕਰ ਜਾਂ ਸੇਵਕ ਜੋ ਰਾਜਿਆਂ ਜਾਂ ਅਮੀਰਾਂ ਦੀ ਸੈਨਾ ਵਿੱਚ ਹੋ ਕੇ ਲੜਦੇ ਸਨ,

---

* ਭੱਟ-ਯੋਧਾ ਸਿਪਾਹੀ, ਲੋਕਾਂ ਦਾ ਜਸ ਗਾ ਕੇ ਬਖਸ਼ੀਸ਼ ਲੈਣ ਵਾਲੀ ਜਾਤ । ਭਟੋਂ ਦੂ ਭਟੋਤਮ-ਮਹਾਨ ਯੋਧਾ ।

(ਪੰਜਾਬੀ ਹਿੰਦੀ ਡਿਕਸ਼ਨਰੀ, ਭਾਸ਼ਾ ਵਿਭਾਗ)

() ਭੱਟਾਂ ਦੀ ਇੱਕ ਉਪਜਾਤੀ ਸੇਵ ਕਵੀ ਕਹਾਉਂਦੀ ਹੈ, ਜੋ ਆਪਣੇ ਇਸ ਪੁਰਾਣੇ ਨਾਮ ਤੇ ਕਿੱਤੇ ਨੂੰ ਇੱਕ ਰੂਪ ਵਿਚ ਰੱਖਣ ਦੀ ਸੂਚਕ ਹੈ ।

Digitized by Panjab Digital Library | www.panjabdigilib.org

ਉਹ ਭੀ ਜੋ ਲੜਨ ਵਾਲਿਆਂ ਬੀਰਾਂ ਦਾ ਜਸ ਆਖਦੇ ਸਨ। ਦੋਵੇਂ ਭ੍ਰਿਤ* (ਲੋਕਾਂ ਦੀ ਬੋਲੀ ਵਿੱਚ ਭੱਟ) ਕਹੇ ਜਾਂਦੇ ਸਨ।

ਭੱਟ ਸ਼ਬਦ ਦਾ ਬੀਰਾਂ ਤੇ ਜਸ-ਗਾਇਕਾਂ ਦੋਹਾਂ ਲਈ ਵਰਤੇ ਜਾਣ ਦਾ ਇੱਕ ਕਾਰਣ ਹੋਰ ਭੀ ਹੋ ਸਕਦਾ ਹੈ। ਆਪਣੀ ਜਾਤੀ ਦੀ ਉਤਪਤੀ ਬਾਰੇ ਭੱਟਾਂ ਦੀਆਂ ਖਿਆਤਾਂ (ਰਵਾਇਤਾਂ) ਸਿਮਰਤੀਆਂ ਤੋਂ ਇਕੱਤ੍ਰ ਕੀਤੀ ਗਈ ਵਾਕਫ਼ੀ ਭੱਟਾਂ ਦੀ ਉਤਪਤੀ ਨੂੰ ਇਕ ਬੀਰ ਕਥਾ ਨਾਲ ਜਾ ਜੋੜਦੀ ਹੈ। ਹਿੰਦੀ ਵਿਸ਼ਵ ਕੋਸ਼ ਵਿੱਚ ਉਹ ਮਿਥਿਹਾਸਕ ਕਥਾਵਾਂ ਇਸ ਤਰ੍ਹਾਂ ਦਿੱਤੀਆਂ ਹਨ:

(੧) ਸ੍ਰਿਸ਼ਟੀ ਦੇ ਅਰੰਭ ਸਮੇਂ ਮਹਾਂ ਦੇਵ ਜੀ ਨੇ ਆਪਣੀ ਖੇਤੀ ਤੇ ਬ੍ਰਿਛਾਂ ਦੀ ਰਖਿਆ ਲਈ, ਆਪਣੇ ਮੱਥੇ ਦੇ ਪਸੀਨੇ ਤੋਂ ਭੱਟਾਂ ਦੀ ਸਿਰਜਨਾ ਕਰਕੇ ਤੇ ਇਨ੍ਹਾਂ ਦੇ ਜ਼ਿੰਮੇ ਭੈਂਸਿਆਂ, ਸ਼ੇਰਾਂ, ਬਘਿਆੜਾ ਤੋਂ ਖੇਤੀ ਨੂੰ ਬਚਾਉਣ ਦਾ ਕੰਮ ਲਾਇਆ

---

* ਪਾਤੰਜਲੀ ਨੇ ਆਪਣੇ ਮਹਾ ਭਾਸ਼ਜ ਵਿੱਚ ਲੌਕਿਕ ਸ਼ਬਦ ਅਰਥਾਤ ਸੰਸਕ੍ਰਿਤ ਵਿੱਚ ਲੋਕ-ਬੋਲੀ ਤੋਂ ਆਏ ਸ਼ਬਦਾਂ ਵਿੱਚ ਇਸ ਭੱਟ ਸ਼ਬਦ ਨੂੰ ਭ੍ਰਿ (ਭ੍ਰਤ) ਦਾ ਸਮਾਨ-ਅਰਥਕ ਮੰਨਿਆ ਹੈ।

ਦੂਜੇ ਸ਼ਬਦ-ਕੋਸ਼ਾਂ ਵਿੱਚ ਇਸ ਭੱਟ ਸ਼ਬਦ ਦੀ ਅਗੇ ਦਿਤੇ ਅਨੁਸਾਰ ਵਿਉਤਪੱਤੀ ਦੱਸੀ ਹੋਈ ਹੈ:—

(੧) भट्ट : A kind of mixed caste whose occupation is that of bards or panegyrists ; क्षात्रि यदि विप्रकन्यायां भट्टो जातो ऽ नुवाचक : । वैश्यायां शूद्रयीर्याण पुपानको बभूव ह । स भट्टो वावदूकश्च सर्वेषां स्तुति पाठक :

(२) भट : [भट्ट — णच्] (२) A mercenary, hired, soldier, hireling. (३) An outcaste, a barbarian, V. S. Apte's 'Dictionary–Sanskrit–English'

(३) Macdo nell, A. Sanskrit–English–Dictionary.

भट्—to hire.

भट— m [Pr from भृत, hired] mecenary, soldier, warrior, hireling, servant.

(੪) ਭ੍ਰਿ (ਭ੍ਰਤ) ਦਾ ਧਾਤੂ (ਭ੍ਰਿ) ਹੈ। (ਭ੍ਰਿ) ਦੀ ਵਿਆਖਿਆ ਕਰਦਿਆਂ ਯਾਸਕ ਨੇ ਇਸ ਨੂੰ (ਹ੍ਰਿ) ਧਾਤੂ ਤੋਂ ਉਪਜਿਆ ਕਹਿਆ ਹੈ, ਪਰੰਤੂ ਡਾ: ਸਿਧੇਸ਼ਵਰ ਵਰਮਾ ਨੇ ਆਪਣੀ ਪੁਸਤਕ 'Etemologies of Yaska' (ਐਟੀਮੋਲੋਜੀਜ਼ ਆਫ਼ ਯਾਸਕ) ਵਿੱਚ ਇਸ ਦਾ ਖੰਡਨ ਕਰਕੇ (ਭ੍ਰਿ) ਨੂੰ ਸੁਤੰਤ੍ਰ ਧਾਤੂ ਮੰਨਿਆ ਹੈ।
(ਵੇਖੋ ਪੰਨਾ ੧੬, ੬੫, ੧੧੬ ਸਾਧੂ ਆਸ਼ਰਮ, ਹੁਸ਼ਿਆਰਪੁਰ)

Digitized by Panjab Digital Library | www.panjabdigilib.org

ਗਇਆ। ਪਰ ਭੱਟ ਆਪਣੀ ਦੁਰਬਲਤਾ ਕਾਰਨ ਇਹ ਜ਼ਿੰਮੇਦਾਰੀ ਨਿਭਾਉਣ ਤੋਂ ਅਸਮਰਥ ਰਹੇ। ਜਿਸ ਕਰਕੇ ਮਹਾਂਦੇਵ ਨੇ ਭੱਟਾਂ ਨਾਲੋਂ ਤਕੜੀ ਬੀਰ ਜਾਤੀ, 'ਚਾਰਣ' ਪੈਦਾ ਕੀਤੇ ਜਿਨ੍ਹਾਂ ਨੇ ਭੈਸੇਂ ਤੇ ਸ਼ੇਰ ਆਦਿ ਜਾਨਵਰ ਮਾਰ ਭਜਾਏ।*

(੨) ਦੂਜਾ ਮੱਤ ਇਹ ਹੈ ਕਿ ਮਹਾਂ ਕਾਲੀ ਨੇ ਰਾਖਸ਼ਾਂ ਦਾ ਨਾਸ਼ ਕਰਨ ਸਮੇਂ ਆਪਣੀ ਬੀਰਤਾ ਦੀ ਕੀਰਤੀ ਮਾਨਵ ਸਮਾਜ ਦੇ ਸਾਹਮਣੇ ਪ੍ਰਗਟ ਕਰਨ ਲਈ ਆਪਣੇ ਪਸੀਨੇ ਤੋਂ ਭੱਟਾਂ ਦੀ ਸਾਜਣਾਂ ਕੀਤੀ ਸੀ।†

(੩) ਤੀਜੀ ਕਥਾ ਹੈ ਕਿ ਬ੍ਰਹਮਾ ਦੇ ਅਗਨੀ ਜੱਗ ਵਿਚੋਂ ਸੂਰਮਿਆਂ ਦੀ ਉਤਪਤੀ ਹੋਈ। ਮਹਾਂ ਕਾਲੀ ਨੇ ਉਨ੍ਹਾਂ ਪਿਆਸ ਗ੍ਰਸਿਆਂ ਦੀ ਪਿਆਸ ਮਿਟਾ ਕੇ ਜੀਵਨ ਰਖਿਆ ਕੀਤੀ। ਜਿਨ੍ਹਾਂ ਵਿੱਚੋਂ ਇੱਕ ਦਾ ਨਾਮ 'ਮਾਗਧ' ਸੀ ਦੂਜੇ ਦਾ ਸੋਰ ਸੂਤ। ਪਿਛੋਂ ਇਨ੍ਹਾਂ ਦੋਹਾਂ ਬੀਰਾਂ ਦੀ ਸੰਤਾਨ ਭੱਟ ਨਾਮ ਤੋਂ ਪ੍ਰਸਿੱਧ ਹੋ ਗਈ।

(੪) ਜਦੋਂ ਸ਼ਿਵਜੀ ਤੇ ਪਾਰਬਤੀ ਦੀ ਸ਼ਾਦੀ ਹੋਈ ਤੇ ਦੇਵਤੇ ਹਰ ਪ੍ਰਕਾਰ ਦੀ ਰੰਗ ਰਾਗ ਮਾਣ ਕੇ ਉਨ੍ਹਾਂ ਤੋਂ ਅੱਕ ਗਏ ਤਾਂ ਉਨ੍ਹਾਂ ਨੇ ਸ਼ਿਵਜੀ ਨੂੰ ਕੋਈ ਨਵੇਂ ਰਾਗ ਰੰਗ ਲਈ ਆਖਿਆਂ। ਸ਼ਿਵਾਂ ਨੇ ਆਪਣੇ ਮੱਥੇ ਤੋਂ ਮੜ੍ਹਕਾ ਜ਼ਮੀਨ ਤੇ ਸੁਟਿਆ ਜਿਸ ਤੋਂ ਤੁਰਤ ਭੱਟ ਪੈਦਾ ਹੋਏ ਤੇ ਉਨ੍ਹਾਂ ਨੇ ਦੇਵਤਿਆਂ ਨੂੰ ਤਰ੍ਹਾਂ ਤਰ੍ਹਾਂ ਦੇ ਗੀਤ ਗਾ ਕੇ ਖੁਸ਼ ਕੀਤਾ।

ਇਹ ਰਵਾਇਤੀ ਕਥਾਵਾਂ ਬੇ-ਸ਼ੱਕ ਭਿੰਨ ਭਿੰਨ ਹਨ ਪਰ ਇੱਕ ਪੱਖੋਂ ਸਾਰੀਆਂ ਦੀਆਂ ਨਾੜੀਆਂ ਵਿੱਚ ਇੱਕੋ ਖ਼ੂਨ ਦੌੜ ਰਹਿਆ ਹੈ ਕਿ ਭੱਟਾਂ ਦੀ ਉਤਪਤੀ ਯੋਧਿਆ ਤੇ ਬੀਰਾਂ ਅਤੇ ਜਸ ਗਾਇਕਾਂ ਦੋਵਾਂ ਸ਼੍ਰੇਣੀਆਂ ਲਈ ਵਰਤਿਆ ਗਿਆ! ਕੀਰਤੀ ਤੇ ਬੀਰਤਾ ਆਦਿ ਕਾਲ ਵਿੱਚ ਦੋਵੇਂ ਕੰਮ ਭੱਟਾ ਦੇ ਸਨ, ਸਮਾਂ ਪਾ ਕੇ ਇਨ੍ਹਾਂ ਦੋਵਾਂ ਸ਼੍ਰੇਣੀਆਂ ਤੇ ਇਨ੍ਹਾਂ ਦੇ ਕਰਿੰਦਿਆਂ ਦੀਆਂ ਸ਼ਾਖਾਂ ਵਖ ਵਖ ਫੈਲ ਗਈਆਂ। ਸਮਾਂ ਪਾ ਕੇ ਦੋਵੇਂ ਅਰਥਾਂ ਵਿੱਚ ਵਰਤਿਆ ਜਾਂਦਾ 'ਭੱਟ' ਸ਼ਬਦ ਬਲਕਾਰੀ ਭਾਵਾਂ ਵਾਲਾ ਹੋਣ ਕਰਕੇ ਏਨੇ ਸਨਮਾਨ ਦਾ ਸੂਚਕ ਬਣ ਗਇਆ ਕਿ ਇਸ ਦੀ ਵਰਤੋਂ ਦੋਵਾਂ ਕਿਸਮਾਂ ਦੇ ਲੋਕਾਂ ਲਈ ਸਭ ਤੋਂ ਉਚੀ ਤੇ ਮਾਨਯੋਗ ਉਪਾਧੀ ਬਣ ਗਈ। ਜਿਥੇ ਸੂਰਮੇ ਤੇ ਜੋਧੇ ਆਪਣੇ ਆਪ ਨੂੰ ਭਟ, ਭਟੇਂਦ੍ਰ, ਭਟੁਤਮ ਤੇ ਭੱਟੀ ਕਹਾਉਣਾ ਵਡਿਆਈ ਸਮਝਦੇ ਸਨ, ਉਥੇ ਪੜ੍ਹੇ ਲਿਖੇ ਵਿਦਵਾਨ ਭਟ ਤੇ ਭਟਾਚਾਰੀਆ ਪਦ ਆਪਣੇ ਨਾਓਂ ਨਾਲ ਲਾ ਕੇ ਖੁਸ਼ ਹੁੰਦੇ ਰਹੇ ਹਨ।

---

* Hobson Iobson—Journal of a Residence in India.

—Page 1812—91.

† ਮਹਾਂ ਕਾਲ ਕੋ ਭਇਉ ਪ੍ਰਸੇਤਾ, ਡਾਰਿਉ ਭੁਮਿ ਪੋਂਛ ਕਰ ਤੇਤਾ।
ਭਟ੍ਹਾਚਾਰਜ ਰੂਪ ਤੱਬ ਧਰਾ, ਦਸਮ ਗ੍ਰੰਥ ਚਰਿਤ੍ਰ ੪੦੫।

Digitized by Panjab Digital Library | www.panjabdigilib.org

ਇਕ ਸੁਆਦਲੀ ਕਥਾ ਚਾਰਣ ਆਪਣੀ ਉਤਪੱਤੀ ਬਾਰੇ (ਜਿਸ ਵਿਚ ਭੱਟਾਂ ਦੀ ਉਤ੍ਪਤੀ ਦਾ ਵਰਨਣ ਭੀ ਆਉਂਦਾ ਹੈ) ਦਸਦੇ ਹਨ ਕਿ ਮਹਾਂਦੇਵ ਨੇ ਪਾਰਬਤੀ ਨੂੰ ਪ੍ਰੀਤ ਦਾਨ ਕਰਨ ਦੀ ਅਭਿਲਾਸ਼ਾ ਕਰਨ, ਆਪਣੇ ਮੱਥੇ ਦੇ ਪਸੀਨੇ ਦੀ ਬੂੰਦ ਤੋਂ ਭੱਟ ਜਾਤੀ ਬਨਾਈ ਸੀ, ਕਿੰਤੂ ਭੱਟ ਪਾਰਬਤੀ ਦੇ ਗੁਣ ਗਾਉਣ ਦੀ ਥਾਂ ਮਹਾਂਦੇਵ ਦੇ ਹੀ ਗੁਣ ਗਾਉਂਦੇ ਰਹੇ। ਪਾਰਬਤੀ ਨੇ ਇਸ ਗਲੋਂ ਗੁਸੇ ਹੋਕੇ ਉਨ੍ਹਾਂ ਨੂੰ ਮਿਰਤ ਲੋਕ ਵਿੱਚ ਭੇਜ ਦਿਤਾ ਕਿ 'ਜਾ ਕੇ ਉਥੇ ਦੇ ਰਾਜਿਆਂ ਦੇ ਅਮੀਰਾਂ ਦਾ ਜਸ ਗਾਕੇ ਗੁਜ਼ਾਰਾ ਕਰੋ।'* ਪਿਛੋਂ ਜਦੋਂ ਏਸੇ ਤਰ੍ਹਾਂ ਮਹਾਂਦੇਵ ਨੇ ਚਾਰਣ ਪਦਾ ਕੀਤੇ ਤਾਂ ਉਨ੍ਹਾਂ ਪਾਰਬਤੀ ਦਾ ਜਸ ਗਾ ਕੇ ਉਸ ਨੂੰ ਖ਼ੂਬ ਖੁਸ਼ ਕੀਤਾ। ਜਿਸ ਤੋਂ ਚਾਰਣ ਕਾਫੀ ਸਮਾਂ ਦੇਵਲੋਕ ਵਿੱਚ ਰਹਿੰਦੇ ਰਹੇ। ਇਸ ਕਥਾ ਤੋਂ ਇਉਂ ਸਮਝਣਾ ਚਾਹੀਏ ਕਿ ਭੱਟ ਬਾਬਾ 'ਆਦਮ' ਵਾਂਗ ਅਸਮਾਨਾਂ ਤੋਂ ਜਿਮੀਂ ਉਤੇ ਸੁੱਟੇ ਗਏ ਸਨ।

ਭੱਟਾਂ ਦੀ ਉਤ੍ਪਤੀ ਬਾਰੇ ਪੁਰਾਣਕ ਚਾਸ਼ਨੀ ਤੋਂ ਇਲਾਵਾ ਠੀਕ ਕਿਸਮ ਦੀਆਂ ਵਾਕਫੀਆਂ ਭੀ ਮਿਲਦੀਆਂ ਹਨ। ਭੱਟ ਬ੍ਰਾਹਮਣ ਸਨ ਤੇ ਹੁਣ ਭੀ ਉਹ ਬ੍ਰਾਹਮਣ ਹੀ ਸਦਾਉਂਦੇ ਹਨ।† ਪਰ ਆਪਣੇ ਵਿਸ਼ੇਸ਼ ਕਰਮ 'ਉਸਤਤ-ਪਾਠ' ਕਰਕੇ ਇਹ ਬ੍ਰਾਹਮਣਾਂ ਦੀ ਇੱਕ ਵਖਰੀ ਸ਼੍ਰੇਣੀ ਬਣ ਗਈ। ਉਚੀਆਂ ਜਾਤੀਆਂ ਦੇ ਬ੍ਰਾਹਮਣ ਇਨ੍ਹਾਂ ਨੂੰ ਇਸ ਲਈ ਆਪਣੇ ਨਾਲੋਂ ਨੀਵੇਂ ਦਰਜੇ ਦੇ ਬ੍ਰਾਹਮਣ ਸਮਝਦੇ ਹਨ ਕਿ ਇੰਨ੍ਹਾਂ ਦੀ ਉਤਪਤੀ ਇਕ ਰੰਡੀ ਬ੍ਰਾਹਮਣੀ ਦੇ ਪੇਟੋਂ ਛਤਰੀ ਦੀ ਸੰਤਾਨ ਦੇ ਰੂਪ ਵਿਚ ਹੋਈ ਸੀ। ਬੰਸਾਵਲੀ ਤੇ ਲੋਕਾਂ ਦੇ ਕ੍ਰਿਤਿਆਂ ਦਾ ਵਰਗੀ ਕਰਣ ਤੇ ਪਰਖ ਪੜਤਾਲ ਕਰਨ ਵਾਲੇ, ਅਸਲ ਵਿਚ ਭੱਟਾਂ ਦੇ ਭੀ ਮਹਾਂ ਭਟ ਮੰਨੂੰ ਜੀ ਦੇ ਆਪਣੀ ਸਿਮ੍ਰਤੀ ਵਿਚ ਜੋ ਭੱਟਾਂ ਬਾਰੇ ਕਹਿਆ ਹੈ ਉਹ ਵਧੇਰੇ ਮੰਨਣ ਯੋਗ ਹੈ() ਮਨੂੰ ਜੀ ਨੇ ਜਿਵੇਂ ਅਸੀਂ ਉਪਰ ਲਿਖ ਆਏ ਹਾਂ ਇਨ੍ਹਾਂ ਨੂੰ ਰੰਡੀ ਬ੍ਰਾਹਮਣੀ ਦੇ ਪੇਟੋਂ ਛਤਰੀ ਦੀ ਸੰਤਾਨ ਮੰਨਿਆ ਹੈ ਤੇ ਇਨ੍ਹਾਂ ਦਾ ਕਿਤ੍ਰਾ, ਰਾਜਿਆਂ ਤੇ ਬੀਰਾਂ ਦੀ

---

* ਹਿੰਸਵਕੋਸ

† भट-एक जाति का नाम, इस जाति के लोग राजाओं के यश का वर्णन और कविता करते हैं। यह लोग ब्राह्मण के अन्तर्गत माने और दसौन्धी आदि के नाम से पुकारे जाते हैं। इस जाति की अनेक शाखाए उत्तरीय भारत में बंगाल से पंजाब तक फैली हुई हैं।

(शब्द सागर पं: २५५६)

() क्षत्रियाद्विप्रकन्यायां सूतो भवति जातिता।
वैश्यान्मागधवैदेहौ राजविप्राङ्गना सुतौ। (मनु १०-११)



Digitized by Panjab Digital Library | www.panjabdigilib.org

ਉਸਤਤ ਕਰਨੀ ਦੱਸਿਆ ਹੈ। ਪਰ ਬੰਗਾਲ ਦੇ ਭਟ ਰਡੀ ਬ੍ਰਾਹਮਣੀ ਦੇ ਪੇਟੋਂ ਹੋਣ ਦੀ ਕਥਾ ਤੋਂ ਇਨਕਾਰੀ ਹਨ ਉਨ੍ਹਾਂ ਦਾ ਮਤ ਹੈ "ਭੱਟ ਮਾਗਧ ਬ੍ਰਾਹਮਣਾਂ ਦੀ ਬੰਸ ਵਿਚੋਂ ਹਨ।" ਪੰਜਾਬ ਦੇ ਭੱਟ ਆਪਣੀ ਉਤਪੱਤੀ ਕੌਸ਼ਸ ਰਿਖੀ ਤੋਂ ਦਸਦੇ ਹਨ। ਮੋਟੀ ਤੇ ਮਿੱਠੇ ਦੀ ਗੱਲ ਇਹ ਹੈ ਕਿ ਅੱਜ ਕਲ ਭੱਟ ਬ੍ਰਾਹਮਣਾਂ ਦੇ ਇਕ ਨੀਵੇਂ ਦਰਜੇ ਦੀ ਜਾਤੀ ਮੰਨੀ ਜਾਂਦੀ ਹੈ। ਜਿਨ੍ਹਾਂ ਦੀਆਂ ਅਗੋਂ ਆਪੋ ਆਪਣੀ ਸਮਰੱਥਾ ਤੇ ਸਿਆਣਪ ਕਾਰਣ ਵੱਡੇ ਛੋਟੇ ਦਰਜੇ ਤੇ ਉਪ-ਜਾਤੀਆਂ ਬਣੀਆਂ ਹੋਈਆਂ ਹਨ। ਦਖਣੀ ਭਾਰਤ ਤੋਂ ਇਲਾਵਾ ਇਹ ਭੱਟ ਲੋਕ ਸਾਰੇ ਭਾਰਤ ਵਿਚ ਫੈਲੇ ਹੋਏ ਹਨ। ਬੰਗਾਲ ਵਿਚ ਭੱਟਾਂ ਦੀਆਂ ਭਾਰਦ੍ਵਾਜ, ਬਿਰਮ ਦਸੌਂਧ, ਰਾਜਭੀਮ ਪਰਗ ਕੇਲੀਏ, ਮਹਾਂਪਾਤ੍ਰ, ਰਾਏ ਅਤੇ ਰਾਜ ਭਾਟ ਨੌ ਸ਼ਾਖਾਂ ਹਨ। ਯੂ. ਪੀ. ਤੇ ਮਿਰਜ਼ਾਪੁਰ ਲਾਗੇ ਵਸੇ ਹੋਏ ਭੱਟ, ਕਾਜਗੀ ਗਣ, ਖਾਬਾਨੀ, ਰਾਜ ਭੱਟ ਤੇ ਬੰਦੀ ਜਨ ਚਾਰ ਜਾਤਾਂ ਵਿਚ ਵੰਡੇ ਹੋਏ ਹਨ। ਯੂ. ਪੀ. ਵਿਚ ਬਹੁਤ ਸਾਰੇ ਭੱਟ ਮੁਸਲਮਾਨ ਹੋਏ ਹੋਏ ਹਨ। ਪਜਾਬ ਦੇ ਭੱਟਾਂ ਨੇ ਦਸਿਆ ਹੈ ਕਿ ਉਨ੍ਹਾਂ ਦੀ ਸੰਤਾਨ ਵਿਚੋਂ ਬਹੁਤ ਸਾਰੇ ਮੁਸਲਮਾਨ ਭੱਟ ਸਹਾਰਨਪੁਰ ਲਾਗੇ ਵਸ ਰਹੇ ਹਨ। ਮੱਧ ਯੂ. ਪੀ. ਦੇ ਮੁਸਲਮਾਨ ਭੱਟ ਆਖਦੇ ਹਨ ਕਿ ਅਸੀਂ ਆਪ ਮੁਸਲਮਾਨ ਨਹੀਂ ਬਣੇ ਸੀ ਮਹੰਮਦ ਗੌਰੀ ਨੇ ਸਾਡੇ ਵੱਡਿਆ ਨੂੰ ਜਬਰਨ ਮੁਸਲਮਾਨ ਬਣਾ ਲਇਆ ਸੀ।* ਮੁਸਲਮਾਨ ਹੋਏ ਹੋਏ ਭੱਟ ਆਪਣੇ ਆਪ ਨੂੰ 'ਤੁਰਕ ਭੱਟ' ਜਾਂ ਮੁਸਲਮਾਨ ਭੱਟ ਕਹਾਉਂਦੇ ਹਨ। ਇਹ 'ਤੁਰਕ ਭੱਟ ਸੁੰਨਤਾਂ ਰੋਜ਼ਿਆਂ ਦੀਆਂ ਰਸਮਾਂ ਤਾਂ ਮੁਸਲਮਾਨਾਂ ਵਾਂਗ ਕਰਦੇ ਹਨ, ਪਰ ਆਪਣੀ ਸੰਤਾਨ ਦੀਆਂ ਸ਼ਾਦੀਆਂ ਤੇ ਵਿਆਹਾਂ ਲਈ ਪਹਲੀ ਆਪਣੀ ਕੁਲ ਰੀਤੀ ਹੀ ਵਰਤਦੇ ਆ ਰਹੇ ਹਨ। ਚਾਚੇ,ਫੂਫੀ ਮਾਸੀ, ਦੀ ਧੀ ਨਾਲ–ਜਿਥੇ ਮੁਸਲਮਾਨਾਂ ਵਿਚ ਵਿਆਹ ਕਰਨ ਦੀ ਰੀਤੀ ਹੈ,–ਤੁਰਕ ਭੱਟ ਵਿਆਹ ਸ਼ਾਦੀਆਂ ਨਹੀਂ ਕਰਦੇ। ਇਹ ਹਿੰਦੂ ਭੱਟਾਂ ਵਾਂਗ ਆਪਣੀ ਪੂਰੀ ਕੁਲ ਰੀਤੀ, ਨਾਨਕਿਆਂ ਦਾਦਕਿਆਂ ਦੇ ਬਲਕਿ ਚਾਰ ਦੀ ਥਾਂ ਛੇ ਗੋਤ ਰਖ ਕੇ ਸਾਕ ਨਾਤੇ ਕਰਦੇ ਹਨ। ਭੱਟਾਂ ਨੇ ਮੁਸਲਮਾਨ ਜਜਮਾਨਾਂ ਦੇ ਵਿਆਹਾਂ ਸਮੇਂ–ਜੋ ਹਿੰਦੂਆਂ ਤੋਂ ਹੀ ਮੁਸਲਮਾਨ

---

*. पूर्व भारत के मुसलमान भाटों का कहना है कि वे राजा चेत सिंह के अधीन काम करते थे, जोमाथन उतकान साहब ने हिंसा प्रवश हो कर बलपूर्वक उन्हें मुसलमान बना तथा पश्चिम देश वासी भाटों को शहाबुद्दीन मुहम्मद गोरी ने मुसलमान बनाया था।

(पं २७ हिन्दी विश्वकोश, जिलद १६)

ਪ੍ਰਿਥਵੀ ਰਾਜ ਰਾਸੋ ਗ੍ਰੰਥ ਵਿੱਚ ਆਉਂਦਾ ਹੈ ਕਿ ਪ੍ਰਿਥਵੀ ਰਾਜ ਦਾ ਦਿੱਲੀ ਉਤੇ ਰਾਜ ਕਰਨ ਦੀ ਖਬਰ ਭੀ ਮੁਹੰਮਦ ਗੌਰੀ ਨੂੰ ਇਕ ਬਾਹੋ ਨਾਮੀ ਭੱਟ ਨੇ ਲਿਆ ਕੇ ਦਿਤੀ ਸੀ।



Digitized by Panjab Digital Library | www.panjabdigilib.org

ਬਣੇ ਹੋਏ ਹਨ,– ਆਪਣੀਆਂ ਪੁਰਾਤਨ ਰੀਤਾਂ ਕਰਦੇ ਤੇ ਉਨ੍ਹਾਂ ਮੁਤਾਬਕ ਦਾਨ ਤੇ ਬਖਸ਼ੀਸ਼ਾਂ ਲੈਂਦੇ ਹਨ। ਏਥੋਂ ਤਕ ਕਿ ਕਾਜ਼ੀ ਦੇ ਨਿਕਾਹ ਪੜ੍ਹਾਉਣ ਤੋਂ ਪਹਿਲਾਂ ਜਿਵੇਂ ਹਿੰਦੂਆਂ ਦੇ ਲਾਵਾਂ ਤੋਂ ਪਹਿਲਾਂ ਕੁਲ ਪ੍ਰੋਹਤ ਗੋਤਰਚਾਰ ਦਾ ਵਰਨਣ ਕਰਦਾ ਮੁਸਲਮਾਨ ਭੱਟ ਆਪਣੀ ਇਹ ਗੋਤਰ ਚਾਰ ਦੀ ਪੁਰਾਤਨ ਰੀਤ ਭੀ ਕਰਦੇ ਹਨ।

ਰਾਜਪੂਤਾਨਾ ਇੱਕ ਤਰ੍ਹਾਂ ਭੱਟਾਂ ਦਾ ਗੜ੍ਹ ਹੈ। ਸਾਰੇ ਭਾਰਤ ਖੰਡ ਨਾਲੋਂ ਏਥੇ ਰਾਜਿਆਂ ਦੇ ਰਾਜ ਵਧੇਰੇ ਤੇ ਚਿਰੰਕਾਲ ਬਲਕਿ ਧੂਹੀ ਤੇ ਘਸੀਟੀ ਦੇ ਹੁਣ ਤਕ ਚਲੇ ਆ ਰਹੇ ਹਨ। ਭੱਟਾਂ ਨੂੰ ਆਪਣੇ ਗੁਣਾਂ ਦੇ ਜੌਹਰ ਦਿਖਾਉਣ ਅਤੇ ਦਾਨ ਹਾਸਲ ਕਰਨ ਦੇ ਵਧੇਰੇ ਮੌਕੇ ਇਸੇ ਪ੍ਰਦੇਸ਼ ਵਿੱਚ ਮਿਲਦੇ ਰਹੇ ਹਨ। ਇਹੋ ਕਾਰਣ ਹੈ ਕਿ ਭੱਟਾਂ ਦੀਆਂ ਖਿਆਤਾਂ (ਰਵਾਇਤਾਂ) ਉਨ੍ਹਾਂ ਦੇ ਛੰਦ ਤੇ ਦੋਹੇ, ਰਾਜ ਬੰਸਾਵਲੀਆਂ ਤੇ ਰਾਜਿਆਂ ਉਤੇ ਲਿਖੇ ਗ੍ਰੰਥ—ਬੀਮਲ ਦੇਵ ਰਾਸੋ, ਹਮੀਰ ਰਾਸੋ, ਪ੍ਰਿਥਵੀ ਚੰਦ ਰਾਸੋ-ਜੈਸੀਆਂ ਮਹਾਨ ਸਾਹਿਤਕ ਕਿਰਤਾਂ ਭਾਰਤ ਦੇ ਇਸ ਭੂ-ਖੰਡ ਉਤੇ ਹੀ ਰਚੀਆਂ ਗਈਆਂ। ਰਾਜਪੂਤਾਨੇ ਦੇ ਰਾਜਿਆਂ ਪਾਸ ਭੱਟਾਂ ਦੀ ਖੂਬ ਪਹੁੰਚ ਤੇ ਮਾਣ ਪ੍ਰਤਿਸ਼ਟਾ ਰਹੀ ਹੈ। ਰਾਜਪੂਤਾਨੇ ਦੇ ਇਤਿਹਾਸ ਤੇ ਸਾਹਿੱਤ ਦੀ ਭੱਟਾਂ ਨੇ ਜੋ ਸੇਵਾ ਕੀਤੀ ਹੈ ਨਿਰਸੰਦੇਹ ਉਹ ਹੋਰ ਕਿਸੇ ਪ੍ਰਾਂਤ ਨੂੰ ਨਸੀਬ ਨਹੀਂ। ਰਾਜਸਥਾਨੀ ਦਾ ਡਿੰਗਲ (ਅਣਸੋਧੀ ਭਾਸ਼ਾ) ਤੇ ਪਿੰਗਲ (ਸੋਧੀ ਸੰਵਾਰੀ ਹੋਈ ਭਾਸ਼ਾ) ਦਾ ਆਦਿਕਾਲੀ ਸਾਹਿੱਤ ਜੋ ਬੀਰ ਰਸੀ ਢੂੰਕਾਰੇ ਮਾਰ ਰਹਿਆ ਹੈ, ਪੁਰਾਤਨ ਇਤਿਹਾਸ ਦੇ ਖੋਜੀਆਂ ਲਈ ਉਥੋਂ ਦੀਆਂ ਲਿਖਤਾਂ ਅਥਾਹ ਸਾਮਗ੍ਰੀ ਬਣੀਆਂ ਹੋਈਆਂ ਹਨ ਤਾਂ ਉਹ ਸਭ ਇਨ੍ਹਾਂ ਭੱਟਾਂ ਦੇ ਸਿਰ ਸਦਕੇ ਹੈ।

ਕਰਨਲ ਟਾਡ ਨੂੰ ਜਦੋਂ ਇਹ ਪਤਾ ਲਗਿਆ ਸੀ ਕਿ ਕਿਸੇ ਹਿੰਦੀ ਵਿਦਵਾਨ ਦਾ ਠੀਕ ਕਿਸਮ ਦਾ ਲਿਖਿਆ ਹੋਇਆ ਹਿੰਦ ਦਾ ਪੁਰਾਤਨ ਇਤਿਹਾਸ ਨਹੀਂ ਮਿਲਦਾ ਤਾਂ ਉਹ ਹਿੰਦ ਵਿੱਚ ਆਪਣਾ ਇਹ ਸ਼ੌਕ ਪੂਰਾ ਕਰਨ ਤੇ ਜਿੰਨੀ ਕੁ ਕੋਈ ਇਤਿਹ ਸਕਾਰ ਆਪਣੇ ਝੁਕਾਵਾਂ ਰਾਹੀਂ ਸੇਵਾ ਭੀ ਕਰ ਸਕਦਾ ਸੀ, ਆਪਣੀ (ਅੰਗ੍ਰੇਜ਼) ਕੌਮ ਦੀ ਸੇਵਾ ਕਰਨ ਲਈ ਆਏ। ਉਨ੍ਹਾਂ ਨੂੰ ਸਭ ਤੋਂ ਵੱਧ ਸਾਮਗ੍ਰੀ ਜੇ ਕਿਸੇ ਥਾਂ ਤੋਂ ਮਿਲੀ ਤਾਂ ਉਹ ਰਾਜਪੂਤਾਨਾ ਸੀ। ਇਸ ਕਰ ਕੇ ਉਨ੍ਹਾਂ ਸਾਰੇ ਭਾਰਤ ਦਾ ਇਤਿਹਾਸ ਲਿਖਣ ਦੀ ਥਾਂ ਕੇਵਲ ਰਾਜਪੂਤਾਨੇ ਦਾ ਹੀ ਲਿਖਿਆ। ਕਿਉਂਕਿ ਏਥੋਂ ਦੇ ਇਤਿਹਾਸ ਲਈ ਹੀ ਉਨ੍ਹਾਂ ਨੂੰ ਸਾਮਗ੍ਰੀ ਪ੍ਰਾਪਤ ਹੋ ਸਕੀ ਸੀ। ਉਸ ਸਾਮਗ੍ਰੀ ਵਿੱਚ ੯੫ ਫੀ ਸਦੀ ਲਿਖਤਾਂ ਭੱਟਾਂ ਦੀਆਂ ਸਨ, ਜੋ ਕਈ ਰਾਜਿਆਂ ਨੇ ਆਪਣੇ ਭੱਟਾਂ ਤੋਂ ਉਸ ਨੂੰ ਦਿਵਾਈਆਂ ਜਾਂ ਕਰਨਲ ਟਾਡ ਨੇ ਆਪ ਫਿਰ ਫਿਰਾ ਕੇ ਭੱਟਾਂ ਤੋਂ ਹਾਸਲ ਕੀਤੀਆਂ ਸਨ। ਉਸ ਪਿਛੋਂ ਮਹਾਂ ਵਿਦਵਾਨ ਪੰਡਤ ਗੌਰੀ ਸ਼ੰਕਰ ਹੀਰਾ ਚੰਦ ਓਝਾ ਨੇ ਇਸ ਗ੍ਰੰਥ ਦਾ ਸੰਪਾਦਨ ਭੀ ਕੀਤਾ ਤੇ ਆਪ ਭੀ ਰਾਜਪੂਤਾਨੇ ਦਾ ਇਤਿਹਾਸ ਲਿਖਿਆ, ਜਿਸ ਦਾ ਆਧਾਰ ਉਨ੍ਹਾਂ ਦੇ ਪੁਰਾਣੇ ਸਿਲਾ-ਲੇਖਾਂ ਤੇ ਹੋਰ ਅਲੱਭ ਲਿਖਤਾਂ


Digitized by Panjab Digital Library | www.panjabdigilib.org

ਤੋਂ ਉਤਰ ਕੇ ਬਹੁਤਾ ਭੱਟਾਂ ਦੀ ਲਿਖਤਾਂ ਤੇ ਰਵਾਇਤਾਂ ਨੂੰ ਬਣਾਇਆ।

ਗੌਰੀ ਸ਼ੰਕਰ ਹੀਰਾ ਚੰਦ ਓਝਾ ਨੇ ਮਾਰਵਾੜੀ, ਗੁਜਰਾਤੀ ਤੇ ਮਹਾਰਾਸ਼ਟਰੀ ਭੱਟਾਂ ਦੀਆਂ ਲਿਖਤਾਂ ਭੀ ਵਾਚੀਆਂ ਸਨ। ਜਿਸ ਦੇ ਆਧਾਰ ਤੇ ਉਨ੍ਹਾਂ ਨੇ ਇਤਿਹਾਸ ਦੇ ਕਈ ਪ੍ਰਮਾਣਿਕ ਨੁਕਤੇ ਇਤਿਹਾਸ ਅਤੇ ਸਾਹਿਤ ਖੋਜੀਆਂ ਦੇ ਸਾਹਮਣੇ ਲਿਆਂਦੇ।

ਪੰਜਾਬ ਵਿੱਚ ਇਤਿਹਾਸਕ ਤੇ ਸਾਹਿੱਤਕ ਖੋਜ ਦੇ ਪਹਲੂ ਤੋਂ ਭੱਟਾਂ ਦੀਆਂ ਲਿਖਤਾਂ ਲੱਭਣ ਤੇ ਖੋਜਣ ਦਾ ਕੋਈ ਖਾਸ ਕੰਮ ਨਹੀਂ ਹੋਇਆ। ਸਰ ਰਿਚਰਡ ਟੈਂਪਲ ਤੇ ਇੱਕ ਦੋ ਹੋਰ ਅੰਗ੍ਰੇਜ਼ ਵਿਦਵਾਨਾਂ ਨੇ ਪੰਜਾਬ ਦੀਆਂ ਕਥਾ ਕਹਾਣੀਆਂ ਬਾਰੇ ਕੁਝ ਸਾਮਗ੍ਰੀ ਸੰਭਾਲੀ ਹੈ। ਪਰ ਅਸੀਂ ਹਾਂ ਕਿ ਉਸ ਸੰਭਾਲੀ ਹੋਈ ਸਾਮਗ੍ਰੀ ਦਾ ਹੋਰ ਲਾਭ ਤਾਂ ਕੀ ਉਠਾਉਣਾ ਸੀ ਉਸ ਦਾ ਸਾਹਿੱਤਕ ਮੁਲ-ਅੰਕਣ ਭੀ ਨਹੀਂ ਕਰ ਸਕੇ। ਸਾਡੀ ਸਾਹਿੱਤਕ ਖੋਜ ਦੀ ਇਸ ਨਾਲੋਂ ਵਧ ਹੋਰ ਅਧੋਗਤੀ ਦਾ ਪ੍ਰਮਾਣ ਕੀ ਮਿਲ ਸਕਦਾ ਹੈ ਕਿ ਜਿੰਨੀਆਂ ਸਾਹਿੱਤਕ ਚੀਜ਼ਾਂ ਪ੍ਰਾਪਤ ਹਨ ਉਨ੍ਹਾਂ ਨੂੰ ਅਸੀਂ ਆਪਣੇ ਸਾਹਿੱਤ ਵਿੱਚ ਉਹ ਥਾਂ ਨਹੀਂ ਦੇ ਸਕੇ ਜਿਸ ਦੀਆਂ ਕਿ ਉਹ ਹੱਕਦਾਰ ਹਨ। ਪੰਜਾਬੀ ਸਾਹਿੱਤ ਦਾ ਪਿਤਾ ਪਿਤਾਮ' ਸਾਡੇ ਕੋਲ ਲੈ ਦੇ ਕੇ ਇਕੋ ਸ਼ੇਖ਼ ਫਰੀਦ ਰਹ ਜਾਂਦਾ ਹੈ ਜਦੋਂ ਕਿ ਭੱਟਾਂ ਦੇ ਨੀਤੀ ਬਚਨ, ਸ਼ਿੰਗਾਰ ਰਸੀ ਛੰਦ ਅਤੇ ਇਤਿਹਾਸਕ ਵਰਣਨ ਵਾਲੇ ਵਾਰਤਾ-ਲਾਪ ਸ਼ੇਖ਼ ਫਰੀਦ ਦੀ ਬਾਣੀ ਨਾਲੋਂ ਕਿਤੇ ਵਧੇਰੇ ਪਹਲੇਂ ਦੇ ਸਾਹਿੱਤਕ ਤੇ ਵਡ-ਅਕਾਰੀ ਹਨ। ਸ਼ੇਖ ਫਰੀਦ ਦੇ ਸ਼ਬਦ ਸਲੋਕਾਂ ਨਾਲੋਂ ਤਾਂ ਇਕੱਲੇ ਰਸਾਲੂ ਬਾਰੇ ਭੱਟਾਂ ਦੀ ਰਚਨਾ ਵਧ ਮਿਕਦਾਰ ਵਿੱਚ ਮਿਲ ਜਾਂਦੀ ਹੈ। ਬੋਲੀ ਦੀ ਪੁਰਾਤਨਤਾ ਤੇ ਰਸ ਰੂਪ ਦੇ ਕਈ ਪੱਖਾਂ ਵਿੱਚ ਉਸ ਨਾਲੋਂ ਕਿਤੇ ਵਧ ਲਾਭਵੰਦੀ ਹੈ। ਗੱਲ ਕੇਵਲ ਇਤਨੀ ਹੈ ਕਿ ਫਰੀਦ ਤੋਂ ਪਹਲਾਂ ਦੀ ਕੋਈ ਪ੍ਰਮਾਣਿਕ ਹਥ-ਲਿਖਤ ਅਸੀਂ ਪ੍ਰਾਪਤ ਨਹੀਂ ਕੀਤੀ। ਜੇ ਭੱਟਾਂ ਬਾਰੇ ਅਜਿਹੀ ਲਿਖਤ ਦਾ ਲੱਭਣਾ ਹੀ ਜ਼ਰੂਰੀ ਹੈ ਤਾਂ ਪੂਰਣ ਆਸ ਹੈ ਕਿ ਖੋਜ ਕੀਤਿਆਂ ਜਿਵੇਂ ਗਿਆਨੀ ਗਰਜਾ ਸਿੰਘ ਜੀ ਨੇ ਭਾਈ ਮਨੀ ਸਿੰਘ ਜੀ ਬਾਰੇ 'ਸ਼ਹੀਦ ਬਿਲਾਸ' ਗ੍ਰੰਥ ਸੇਵਾ ਸਿੰਘ ਭੱਟ ਦਾ ਲਿਖਿਆ ਲੱਭਿਆ ਹੈ, ਜ਼ਰੂਰ ਕੋਈ ਅਜਿਹੇ ਚਿੰਨ੍ਹਾਂ ਵਾਲੀ ਪ੍ਰਮਾਣਿਕ ਲਿਖਤ ਮਿਲ ਜਾਵੇਗੀ। ਕਿਉਂਕਿ ਭੱਟਾਂ ਦੀਆਂ ਵਹੀਆਂ ਵਿੱਚ ਅਜ ਤੋਂ ਦੋ ਹਜ਼ਾਰ ਸਾਲ ਪੁਰਾਣੇ ਸਮੇਂ ਦੀਆਂ ਚੀਜ਼ਾਂ ਮਿਲ ਰਹੀਆਂ ਹਨ। ਸਾਡੀ ਭੱਟਾਂ ਬਾਰੇ ਕੀਤੀ ਖੋਜ ਉਦੋਂ ਹੀ ਸਫਲ ਹੋਵੇਗੀ ਜਦੋਂ ਅਸੀਂ ਪੰਜਾਬੀ ਦੇ ਆਦਿ ਕਾਲ ਦੇ ਸਾਹਿੱਤ ਵਿਚ ਭੱਟਾਂ ਦੀਆਂ ਰਚਨਾਵਾਂ ਦੇ ਅਧਾਰ ਦੇ ਉਨ੍ਹਾਂ ਨੂੰ ਮੁਨਾਸਬ ਥਾਂ ਦੇ ਹੱਕਦਾਰ ਮੰਨ ਕੇ ਆਪਣੇ ਸਾਹਿੱਤ ਦੀ ਉਮਰ ਵਡੇਰੀ ਕਰ ਲਵਾਂਗੇ।

Digitized by Panjab Digital Library | www.panjabdigilib.org

# ਭੱਟਾਂ ਦੀਆਂ ਉਪਜਾਤੀਆਂ

ਬੁਧ ਤੋਂ ਪਹਲਾਂ ਦੇ ਇਤਿਹਾਸ ਉਤੇ ਖੋਜ ਕਰਨ ਵਾਲੇ ਵਿਦਵਾਨਾਂ ਦਾ ਮਤ ਹੈ ਕਿ ਭਾਰਤ ਵਿੱਚ ਜਦੋਂ ਆਰੀਅਨ ਲੋਕ ਮੱਧ ਦੇਸ਼ ਤੱਕ ਹੀ ਪੁੱਜੇ ਸਨ ਉਸ ਤੋਂ ਢੇਰ ਚਿਰ ਪਹਲਾਂ ਮਗਧ ਦੇਸ਼ ਵਿੱਚ ਇੱਕ ਵੱਡਾ ਚਕਰਵਰਤੀ ਰਾਜ ਮੌਜੂਦ ਸੀ। ਉਸ ਰਾਜ ਦੇ ਸੰਸਥਾਪਕ ਲੋਕ ਉੱਤਰ ਪੂਰਬ ਵਲੋਂ ਆਏ ਸਨ। ਮਗਧ ਦੇ ਰਾਜਿਆਂ ਦੇ ਦਰਬਾਰਾਂ ਵਿੱਚ ਇਹ ਭੱਟ ਜੋ ਰਾਜਿਆਂ ਵਗੈਰਾ ਦਾ ਜਸ ਗਾਉਣ ਦਾ ਕੰਮ ਕਰਦੇ ਸਨ, ਮੌਜੂਦ ਸਨ। ਜੋ ਭੱਟ ਮਗਧ ਵਾਸੀਆਂ ਦੀ ਉਸਤਤੀ ਦਾ ਕੰਮ ਕਰਦੇ ਸਨ, ਉਨ੍ਹਾਂ ਨੂੰ 'ਮਾਗਧ' ਕਹਿਆ ਜਾਣ ਲਗ ਪਇਆ! ਜਜਮਾਨਾਂ ਤੇ ਰਾਜਿਆਂ ਦੀ ਉਸਤਤੀ ਤੋਂ ਇਲਾਵਾ ਰਾਜ ਗੁਰੂ ਤੇ ਪ੍ਰੋਹਤ ਹੋਣ ਕਾਰਣ ਇਹ ਲੋਕ ਮੰਤਰ ਯੰਤਰ ਝਾੜੇ ਫੂਕ ਤੇ ਟੂਣੇ ਟਾਮਣ ਭੀ ਕਰਦੇ ਸਨ। ਇਹ ਦ੍ਰਾਵੜ ਤੇ ਕੋਲ ਆਦਿ ਨਸਲਾਂ ਦੇ ਲੋਕ, ਜਿਨ੍ਹਾਂ ਦੀਆਂ ਸ੍ਰੇਣੀਆਂ ਵਿਚ ਇਹ ਦਾਰੂ ਦਰਮਲ ਜੰਤਰਾਂ ਮੰਤਰਾਂ ਦੀਆਂ ਰੀਤਾਂ ਕਿਸੇ ਨਾ ਕਿਸੇ ਰੂਪ ਵਿਚ ਅਜ ਤਕ ਪ੍ਰਚਲਿਤ ਹਨ, ਝਿਊਰ ਸਾਂਹਸੀ, ਭਰਾਈ, ਡੋਮ ਆਪਣੇ ਵੱਡਿਆਂ ਦੀਆਂ ਯਾਦਾਂ ਤਾਜ਼ਾ ਰਖਣ ਲਈ ਬਹੁਤ ਸਾਰੇ ਥਾਵਾਂ ਤੇ ਇਸ ਤਰ੍ਹਾਂ ਦੇ ਕੰਮ ਹੁਣ ਭੀ ਕਰਦੇ ਹਨ। ਇਨ੍ਹਾਂ ਸ੍ਰੇਣੀਆਂ ਵਿਚੋਂ ਇਕ ਖਾਸ ਜਾਤੀ 'ਓਝਾ' ਭੂਤਾਂ ਪ੍ਰੇਤਾਂ ਨੂੰ ਵਸ ਕਰਨ ਵਿਚ ਖ਼ਾਸ ਪ੍ਰਬੀਨ ਮੰਨੀ ਜਾਂਦੀ ਰਹੀ ਹੈ।*

ਆਰੀਅਨ ਲੋਕਾ ਦੇ ਛਤਰੀਆਂ ਅਤੇ ਬ੍ਰਾਹਮਣਾਂ ਦੀ ਅਣ-ਬਣ ਵਧਦੀ

---

* (੧) ਮਾਗਧ ਦੇ ਅਰਥ ਵਿਸ਼ਵ ਕੋਸ਼ ਵਿਚ ਇਉਂ ਕੀਤੇ ਗਏ ਹਨ : ਬੰਸ ਪਰੰਪਰਾ ਕ੍ਰਮ ਸੇ ਰਾਜਾਓਂ ਕੀ ਉਸਤਤੀ ਕਰਨ ਵਾਲਾ ਮਧੁਕ, ਬੰਦੀ ਉਸਤਤ ਪਾਠ ਕਰਨ ਵਾਲਾ।

(੨) ਹਿੰਦੀ ਸ਼ਬਦ ਸਾਗਰ ਵਿਚ ਇਨ੍ਹਾਂ ਬਾਰੇ ਲਿਖਿਆ ਹੈ— ਇਕ ਪ੍ਰਾਚੀਨ ਜਾਤੀ ਜੋ ਮਨ ਕੇ ਅਨੁਸਾਰ ਵੈਸ਼ਯ ਕੇ ਵੀਰਜ ਸੇ ਛਤਰੀ ਕੰਨਿਆ ਕੇ ਗਰਭ ਸੇ ਉਤਪਨ ਹੋਈ। ਇਸ ਜਾਤੀ ਕੇ ਲੋਕ ਬੰਸ ਕ੍ਰਮ ਸੇ ਬਿਰਦਾਵਲੀ ਕਾ ਵਰਨਣ ਕਰਤੇ ਹੈਂ ਪ੍ਰਾਯ ਭਾਟ ਹੀ ਕਹਿਲਾਤੇ ਹੈਂ।

(੩) ਮਾਗਧ—'Strolling vard. Panegyrist of prince' Mac donall, A. A. A Practical Sanskrit Dictionary P. 224.

ਵਿਸ਼ਵ ਕੋਸ਼ ਵਿਚ ਜਾਦੂ ਟੂਣੇ ਵਾਲੇ ਕਾਂਡ ਦੇ ਅਖੀਰ ਵਿਚ ਓਝਾ ਜਾਤੀ ਦਾ ਇਹ ਖਾਸ ਕੰਮ ਦਸਕ ਲਿਖਿਆ ਹੋਇਆ ਹੈ।

पहले इस देश में जैसे ओझा थे, वैसे इस समय दिखाई नहीं देते। पहिले के ओझा तो डायणो तथा भूतों को प्रत्यक्ष नचा लेते थे, पश्चात हवा के लगने तथा उतरोतर योग्य गुरू के अभाव से इस विद्या का ज्ञान प्राया लोप हो रहा है।



Digitized by Panjab Digital Library | www.panjabdigilib.org

ਵਧਦੀ ਜਦੋਂ ਫਸਾਦਾਂ ਤਕ ਜਾ ਪੁਜੀ ਤੇ ਖੂਨ ਖਰਾਬੇ ਮਚੇ, ਉਸ ਵੇਲੇ ਬ੍ਰਾਹਮਣਾਂ ਛਤ੍ਰੀਆਂ ਦੀ ਮਾਰ ਤੋਂ ਡਰਦੇ ਪਨਾਹ ਲੈਣ ਲਈ ਮਗਧ ਦੇਸ਼ ਵਿਚ ਜਾ ਵਸੇ। ਬ੍ਰਾਹਮਣ ਆਖਰ ਵਿਦਵਾਨ ਸਨ, ਸਖਤ ਕਿਸਮ ਦੇ ਕੰਮ ਇਨ੍ਹਾਂ ਦੇ ਵਸ ਦਾ ਰੋਗ ਨਹੀਂ ਸੀ, ਇਸ ਲਈ ਇਨ੍ਹਾਂ ਨੇ ਮਾਗਧਾ, ਭੱਟਾਂ ਵਾਲਾ ਉਸਤਤ-ਪਾਠ ਵਾਲਾ ਕ੍ਰਿਤਾ ਸ਼ੁਰੂ ਕਰ ਦਿਤਾ। ਰਾਜਿਆਂ ਦੀ ਉਸਤਤ ਦੇ ਨਾਲ ਨਾਲ ਇਹ ਵੈਦਕ ਖਿਆਲ ਦੇ ਪ੍ਰਚਾਰ ਦਾ ਕੰਮ ਭੀ ਕਰਦੇ ਹਨ। ਆਰੀਆਂ ਵਲੋਂ ਮੰਨੇ ਗਏ ਦੇਵੀ ਦੇਵਤਿਆਂ ਦੀ ਆਰਾਧਨਾ ਤੇ ਉਸਤਤ ਰਾਹੀਂ ਪ੍ਰਸੰਨਤਾ ਪ੍ਰਾਪਤ ਕਰਨ ਪਿਛੋਂ ਉਸ ਤੋਂ ਮੰਤਰ ਫੁਰਨ ਦਾ ਵਰ ਮੰਗਿਆ ਜਾਂਦਾ ਸੀ ਤੇ ਅਤੇ ਮੰਤਰ ਫੁਰਨ ਤੋਂ ਮੰਨੇ ਕੰਮ ਸਿੱਧ ਹੋ ਜਾਂਦੇ ਸਨ। ਇਸ ਤਰ੍ਹਾਂ ਦੇ ਚਮਤਕਾਰਾਂ ਕਰਕੇ ਇਹ ਲੋਕ ਮਾਗਧਾਂ ਤੋਂ ਵਧ ਮ ਨਨੀਅ ਬਣ ਗਏ। ਆਰੀਆਂ ਵਿਚੋਂ ਗਏ ਇਨ੍ਹਾਂ ਬ੍ਰਾਹਮਣਾਂ ਨੇ ਉਥੋਂ ਦੇ 'ਮਾਗਧਾ' ਦਾ ਦਿਲ ਰੱਖਣ ਲਈ ਉਨ੍ਹਾਂ ਨੂੰ ਬ੍ਰਾਹਮਣ ਬੰਧੂ—ਅਰਥਾਤ ਬ੍ਰਾਹਮਣਾਂ ਜਿਹੇ ਹੀ ਬ੍ਰਾਹਮਣ ਦੇ ਭਾਈ ਹੋਣ ਦਾ ਰੁਤਬਾ ਦੇ ਕੇ ਕਾਫੀ ਹੱਦ ਤਕ ਉਨ੍ਹਾਂ ਦੀ ਤਸੱਲੀ ਤਾਂ ਕਰੀ ਰਖੀ, ਪਰ ਬ੍ਰਾਹਮਣ-ਬੰਧੂ ਆਖਰ ਬ੍ਰਾਹਮਣਾਂ ਵਾਲਾ ਮਾਣ ਤਾਂ ਨਹੀਂ ਸਨ ਲੈ ਸਕਦੇ! ਇਹ ਬ੍ਰਾਹਮਣਾਂ ਤੋਂ ਘਟੀਆ ਦਰਜੇ ਦੇ ਬ੍ਰਾਹਮਣ ਮੰਨੇ ਗਏ ਤੇ ਸਮਾਂ ਗੁਜ਼ਰਨ ਤੇ ਜਿਉਂ ਜਿਉਂ ਛਤ੍ਰੀਆਂ ਤੇ ਬ੍ਰਾਹਮਣਾਂ ਦਾ ਘਾਵ ਭਰਦੇ ਗਏ ਬ੍ਰਾਹਮਣ ਤੇ ਬ੍ਰਾਹਮਣ ਬੰਧੂ ਲੋਕ ਭਾਰਤ ਦੇ ਉਤਰੀ ਪੂਰਬੀ ਤੇ ਪਛਮੀ ਹਿਸਿਆਂ ਵਿੱਚ ਫੈਲਦੇ ਗਏ। ਇਨਾ ਦੇ ਮੰਤਰਾਂ ਦਾ ਸੰਗ੍ਰਹਿ ਵੇਦ ਤੇ ਬ੍ਰਾਹਮਣ ਗ੍ਰੰਥਾਂ ਦੇ ਰੂਪ ਵਿੱਚ ਪ੍ਰਾਪਤ ਹੈ। ਬੁਧ ਪੂਰਬ ਭਾਰਤੀ ਇਤਿਹਾਸ ਦੇ ਲੇਖਕ ਮਿਸ਼ਰ ਬੰਧੂ ਆਪਣੇ ਗ੍ਰੰਥ ਦੀ ਭੂਮਿਕਾ ਵਿੱਚ ਲਿਖਦੇ ਹਨ:—

> "ਵੇਦੋਂ ਮੇਂ ਸੂਤੋਂ ਮਾਗਧੋਂ ਚਾਰਣੋਂ ਆਦਿ ਕੇ ਕਥਨ ਆਏ ਹੈਂ। ਜਿਸ ਪ੍ਰਕਾਰ ਬ੍ਰਾਹਮਣੋਂ ਨ ਵੈਦਿਕ ਸਾਹਿੱਤਜ ਕੋ ਸਮਰਣ ਸ਼ਕਤੀ ਦਵਾਰਾ ਸੁਰਖਸ਼ਤ ਰਖਾ; ਉਸੀ ਪ੍ਰਕਾਰ ਸੂਤੋਂ ਮਾਗਧੋਂ ਆਦਿ ਨੇ (ਸਮਰਣ ਸ਼ਕਤੀ ਦਵਾਰਾ) ਲੋਕਿਕ ਸਾਹਿੱਤ ਇਵੇਂ ਰਾਜ ਬੰਸੋ ਕੇ ਮੂਲੋਂ ਕੀ ਰਖਸ਼ਾ ਕੀ। . ਜਬ ਭਗਵਾਨ ਵੇਦ ਵਿਆਸ ਨੇ ਪ੍ਰਾਚੀਨ ਸਾਹਿੱਤ ਔਰ ਸਾਮਗ੍ਰੀ ਕੇ ਇਤਨਾ ਬੜ੍ਹਾ ਹੂਆ ਪਾਇਆ ਤੋ ਉਨ੍ਹੇ ਨਸ਼ਟ ਹੋ ਜਾਨੇ ਦਾ ਭਯ ਦੇਖ ਪੜਾ.....ਉਸੀ ਸਮਯ ਉਨ੍ਹੋਂ ਨੇ ਰਖਸ਼ਣਾਰਥ ਇਤਿਹਾਸ ਕਾ ਵਿਸ਼ਯ ਲੇਖ ਹਰਸ਼ਣ ਸੂਤ ਕੋ ਦੇ ਦੀਆ।
>
> (ਬੁਧ ਪੂਰਬ ਕਾ ਕਾਰਤੀਯ ਇਤਿਹਾਸ ਸਫ਼ਾ ੩—ਲੇਖਕ ਰਾਵ ਰਾਜਾ ਡਾ: ਸ਼ਯਾਮ ਬਿਹਾਰੀ ਮਿਸ਼ਰਾਏ ਰਾਏ ਬਹਾਦਰ ਅਤੇ ਪੰਡਤ ਸੁਕਦੇਵ ਬਿਹਾਰੀ ਮਿਸ਼ਰ ਤ੍ਰਿਤੀਯ ਸੰਸਕਰਣ ਸੰਬਤ ੧੯੧੬, ਪ੍ਰਯਾਗ।

Digitized by Panjab Digital Library | www.panjabdigilib.org

ਮਿਸ਼ਰ ਬੰਧੂ ਆਪਣੇ ਇਸੇ ਗ੍ਰੰਥ ਵਿੱਚ ਅੱਗੇ ਚਲ ਕੇ ਥਾਂ ਥਾਂ ਇਹ ਗੱਲ ਦੁਹਰਾਉਂਦੇ ਹਨ ਕਿ 'ਵੇਦ, ਬ੍ਰਹਮਣ ਔਰ ਸੂਤਾਂ ਦੁਆਰਾ ਰਚੇ ਗਏ ਸਨ ਤੇ ਪੌਰਾਣਿਕ ਸਾਹਿੱਤ ਦਾ ਮੂਲ ਬਹੁਤਾ ਚਾਰਣਾਂ ਮਾਗਧਾਂ ਸੂਤਾ ਤੇ ਭੱਟਾਂ ਦੁਆਰਾ ਹੋਇਆ ਹੈ (ਸਫ਼ਾ ੧੩) ਇਕ ਹੋਰ ਵਿਦਵਾਨ ਡਾ: ਉਦਯ ਨਾਰਾਇਣ ਤਿਵਾੜੀ ਐਮ. ਏ., ਡੀ. ਲਿਟ. ਸਾਹਿਤ ਰਤਨ, ਆਪਣੇ ਗ੍ਰੰਥ' ਵੀਰ ਕਾਵਿ' (ਸਫ਼ਾ ੧੫) ਵਿੱਚ ਲਿਖਦੇ ਹਨ ਕਿ ਸਤਪਥ ਬ੍ਰਾਹਮਣ ਗ੍ਰੰਥ ਵਿੱਚ ਇਸ ਅਸਵਮੇਧ ਯੱਗ ਸਮੇਂ ਇਸ ਤਰ੍ਹਾਂ ਦੇ ਉਸਤਤ ਤੇ ਬੀਰਤਾ ਦੀ ਪ੍ਰਸੰਸਾ ਦਾ ਵਰਣਨ ਕੀਤਾ ਗਇਆ ਹੈ । ਜਿਸ ਵਿੱਚ ਬ੍ਰਾਹਮਣ ਯੱਗ ਕਰਤਿਆਂ ਦੇ ਦਾਨ ਦੀ ਪ੍ਰਸੰਸਾ ਹੀ ਨਹੀਂ ਕਰਦਾ ਕਿੰਤੂ ਉਨ੍ਹਾਂ ਦੀ ਬੀਰਤਾ ਆਦਿ ਗੁਣਾਂ ਦਾ ਭੀ ਵਰਨਣ ਕਰਦਾ ਹੈ । ਅਗੇ ਚਲ ਕੇ ਏਹੋ ਵਿਦਵਾਨ ਲਿਖਦਾ ਹੈ ਕਿ 'ਮਹਾ ਭਾਰਤ ਮੇਂ ਤੋ ਬੀਰ ਕਾਵਿ ਗਾਇਕ ਸੂਤ ਤ੍ਥਾ ਮਾਗਧੋ ਦਵਾਰਾ ਰਾਜਾਓਂ ਕੀ ਪ੍ਰਸੰਸਾ ਕਾ ਉਲਖ ਕਈ ਸਥਲੋਂ ਪਰ ਮਿਲਦਾ ਹੈ ।' ਪੰਡਤ ਜਯ ਚੰਦਰ ਵਿਦਿਆ-ਲਕਾਰ ਜੀ ਦੀ ਹੁਣ ਹੁਣੇ ਛਪਾ ਪੁਸ਼ਤਕ 'ਇਤਿਹਾਸ ਮੀਮਾਸਾ' ਦੇ ਇਕ ਭਾਗ ਵਿੱਚ ਰਾਜ ਤਰੰਗਣੀ ਦਾ ਟੀਕਾ ਕਰਦਿਆਂ ਲਿਖਿਆ ਹੈ :—

'ਭੱਟ' ਨੇ ਰਾਜਾ ਰਾਜਦੇਵ ਕੇ ਬਾਰੇ ਮੇਂ ਕਭੀ ਕੁਝ ਹਲਕੀ ਚਰਚਾ ਕਰਦੀ ਤਬ ਉਸ ਨੇ ਭੱਟੋਂ ਕੋ ਲੂਟਨੇ ਕਾ ਆਦੇਸ਼ ਦੇ ਦੀਆ । (੮੭੮੮)

(ਸਫ਼ਾ ੬੩੮ ਨਵ ਪ੍ਰਸਿਸ਼ਟ ੪)

ਇਹ ਖੋਜਾਂ ਦਸਦੀਆਂ ਹਨ ਕਿ ਭੱਟ ਬਹੁਤ ਪ੍ਰਾਚੀਨ ਜਾਤੀ ਹੈ । ਇਤਿਹਾਸ ਦੀ ਸੰਭਾਲ ਤੇ ਸਾਹਿੱਤ ਰਚਨਾ ਇਨ੍ਹਾਂ ਦਾ ਮੁਢਲਾ ਕੰਮ ਚਲਿਆ ਆਉਂਦਾ ਹੈ । ਏਥੋਂ ਤਕ ਕਿ ਵੇਦਾਂ ਤੇ ਪੁਰਾਣਾਂ ਵਿੱਚ ਇਨ੍ਹਾਂ ਦੀਆਂ ਰਚਨਾਵਾਂ ਮੌਜੂਦ ਹਨ ।

ਏਹੋ ਹੀ ਨਹੀਂ ਇਸ ਜਾਤੀ ਦੇ ਸਮੂਚੇ ਏਸ਼ੀਆ ਤੇ ਯੂਰਪ ਤਕ ਫੈਲੀ ਹੋਣ ਦੇ ਪਤੇ ਭੀ ਚਲਦੇ ਹਨ । ਜਿੰਨ੍ਹਾਂ ਨੂੰ ਏਥੇ ਸੂਤ ਕਹਿਆ ਗਇਆ ਹੈ । ਪਿਛੋਂ ਜਾ ਕੇ ਇਸੇ ਜਾਤੀ ਦੀ ਵੰਸ ਸੂਤ ਤੋਂ 'ਸੂਰਤਾ' ਬਣ ਗਈ ਸੀ । ਦੇਸ਼ ਦੀ ਵੰਡ ਤੋਂ ਪਹਲਾਂ ਮੈਨੂੰ ਇੱਕ ਸੂਰਤਾ ਮਿਲਿਆ ਸੀ ਜਿਸ ਪਾਸ ਧੀਮਾਣ, ਬ੍ਰਾਹਮਣਾਂ ਤੇ ਉਨ੍ਹਾਂ ਦੀ ਉਪਜਾਤੀਆਂ ਦੀ ਬੰਸਾਵਲੀ ਸੀ । ਇਹ ਆਪ ਮੁਸਲਮਾਨ ਸੀ ਪਰ ਮੁਸਲਮਾਨਾਂ ਦੇ ਘਰ ਦਾ ਬਣਿਆ ਨਹੀਂ ਖਾਂਦਾ ਸੀ । ਆਪਣੇ ਘਰ ਦੀ ਰੋਟੀ ਤੋਂ ਬਿਨਾ ਕੇਵਲ ਹਿੰਦੂ ਜਜਮਾਨਾਂ ਦੀ ਰੋਟੀ ਖਾਂਦਾਂ ਸੀ । ਉਸ ਦੇ ਦੱਸਣ ਮੁਤਾਬਕ ਸੂਰਤੇ ਬ੍ਰਹਿਮਣਾਂ ਤੋਂ ਮੁਸਲਮਾਨ ਬਣੇ ਸਨ ਤੇ ਰੀਤਾ ਭੀ ਪਹਲੀਆਂ ਕਰਨ ਦੇ ਪਾਬੰਦ ਹਨ । ਸਾਲ ਦੋ ਸਾਲ ਪਿਛੋਂ ਆਪਣੇ ਜਜਮਾਨਾਂ ਤੋਂ ਵਧਾਈ ਦਾ ਦਾਨ ਉਗ੍ਰਾਹ ਕੇ ਉਸ ਉਤੇ ਹੀ ਇਹ ਲੋਕ ਗੁਜ਼ਰਾਨ ਕਰਦੇ ਸਨ । ਪੰਜਾਬ ਦੇ ਵੱਡੇ ਸ਼ਹਿਰਾਂ ਵਿੱਚ

Digitized by Panjab Digital Library | www.panjabdigilib.org

ਆਮ ਪਾਏ ਜਾਂਦੇ ਸਨ।*

## ਚਾਰਣ

ਇਹ ਭੱਟਾਂ ਦੀ ਪ੍ਰਾਚੀਨ ਪ੍ਰਮੁਖ ਜਾਤੀ ਹੈ। ਚਾਰਣ ਦੇ ਅਰਥ ਹਨ :— ਚਾਰਿਅਤ, ਪ੍ਰਾਚਾਰਯਤ, ਕੀਰਤੀ ਸੰਚਾਰਕ, ਉਚਾਰਣ ਕਰਨ ਵਾਲਾ। ਭੱਟ ਜਾਂ ਬੰਦੀ ਜਨ (ਹਿੰਦੀ ਵਿਸ਼ਵ ਕੋਸ਼) ਪਿਛੇ ਭੱਟਾਂ ਉਤੇ ਬਹਸ ਕਰਨ ਸਮੇਂ ਪੁਰਾਣਕ ਕਥਾਵਾ ਤੇ ਭੱਟਾਂ ਦੀਆਂ ਆਪਣੀਆਂ ਰਵਾਇਤਾਂ (ਖਿਆਂਤਾਂ) ਤੋਂ ਪ੍ਰਗਟ ਕਰ ਆਏ ਹਾਂ ਕਿ ਚਾਰਣ ਭੱਟਾਂ ਦੀ ਇੱਕ ਪੁਰਾਣੀ ਜਾਤੀ ਹੈ। ਸੂਤਾਂ ਤੇ ਮਾਗਧਾਂ ਤੋਂ ਪਿੱਛੋਂ ਜੇ ਕਿਸੇ ਦਾ ਪ੍ਰਾਚੀਨ ਗ੍ਰੰਥਾਂ ਵਿੱਚ ਵਰਣਨ ਆਉਂਦਾ ਹੈ ਤਾਂ ਉਹ ਚਾਰਣ ਹਨ। ਪਦਮ ਪੁਰਾਣ, ਤੇ ਮਹਾਂ ਭਾਰਤ ਵਿੱਚ ਇਨ੍ਹਾਂ ਦੇ ਵਰਣਨ ਹਨ।‡ ਅੱਜ ਕਲ ਇਸ ਜਾਤੀ ਦੇ ਲੋਕ ਸਭ ਤੋਂ ਵਧ ਰਾਜਪੂਤਾਨੇ ਵਿੱਚ ਵਸਦੇ ਹਨ ਜਿਥੇ ਇਨ੍ਹਾਂ ਦੀਆਂ ਭਾਰੀ ਜੰਗੀਰਾਂ ਤੇ ਵੱਡੇ ਵੱਡੇ ਵਪਾਰਕ ਧੰਦੇ ਹਨ।

ਚਾਰਣ :— (੧) ਆਪਣੇ ਜਜਮਾਨਾਂ ਦੀਆਂ ਬੰਸਾਵਲੀਆਂ ਰਖਦੇ (੨) ਕਵਿਤਾ ਤੇ ਛੰਦਾਂ ਵਿੱਚ ਜਸ ਵਰਣਨ ਕਰਕੇ ਖੁਸ਼ ਕਰਦੇ, (੩) ਭੇਖਾਰੀਆਂ ਦੇ ਭੇਸ ਵਿੱਚ ਰਹਿੰਦੇ (੪) ਵਪਾਰ ਕਰਦੇ ਅਤੇ ਬੀਰਤਾ ਕਰਕੇ ਪ੍ਰਸਿੱਧ ਹਨ। ਰਾਜਪੂਤਾਨੇ ਵਿੱਚ ਵਡੀ ਗਿਣਤੀ ਵਿਚ ਵਪਾਰ ਕਰਦੇ ਹਨ। ਮਾਲਵਾ ਮਾਰਵਾੜ ਤੇ ਗੁਜਰਾਤ ਵਿਚ ਅਮੀਰ ਤੇ ਵਡੇ ਲੋਕ ਬਾਹਰ ਜਾਣ ਵੇਲੇ ਚਾਰਣਾਂ ਨੂੰ ਆਪਣੀ ਰਖਿਆ ਲਈ ਨਾਲ ਲੈ ਕੇ ਜਾਂਦੇ ਹਨ। ਅਖੇ ! ਚਾਰਣ ਮਹਾਂਦੇਵ ਨੇ ਪੈਦਾ ਹੀ ਰੱਖਿਆ ਲਈ ਕੀਤੇ ਸਨ। ਰਸਤੇ ਵਿੱਚ ਜੇ ਕਿਧਰੇ ਲੁਟੇਰੇ ਮਿਲ ਜਾਣ ਤਾਂ ਚਾਰਣ ਉਨ੍ਹਾਂ ਤੋਂ ਜਾਨ ਵਾਰ ਕੇ ਰਖਿਆ ਕਰਨ ਤਕ ਜਾਂਦਾ ਹੈ। ਪਰ ਇਕ ਖਾਸ ਰੀਤੀ ਨਾਲ ਪਹਲਾਂ ਚਾਰਣ ਲੁਟੇਰਿਆਂ ਨੂੰ ਆਖਦਾ ਹੈ ਕਿ 'ਮੈਂ ਚਾਰਣ ਹਾਂ ਮੇਰੀ ਮੌਜੂਦਗੀ ਵਿੱਚ ਲੁੱਟ ਮਾਰ ਦਾ ਪਾਪ ਕਰਮ ਨਹੀਂ

---

* ਇਨ੍ਹਾਂ ਸੁਰਤਿਆਂ ਦੇ ਕੁਝ ਘਰ ਲੁਧਿਆਣੇ ਵਿੱਚ ਵੱਸਦੇ ਸਨ। ਜੇ ਵੰਡ ਵਿੱਚ ਇਧਰੋਂ ਨਾ ਚਲੇ ਗਏ ਹੋਣ ਤਾਂ ਸ਼ਾਇਦ ਹੁਣ ਭੀ ਮਿਲ ਜਾਣ।

‡ गंधर्वाणां ततो लोक ! परत ! शतयोजनात्

१. देवानां गायनास्ते च चारणा ! स्तुतिपाठका:

(पद्म पुराण पातालखण्ड)

२. गन्धर्व विद्याधर चारणाप्सर ! भागवत

३. न कुशान्नं दीर्घ सूत्रेरलसे श्चारणैश्च । (महा भारत)



Digitized by Panjab Digital Library | www.panjabdigilib.org

ਹੋ ਸਕਦਾ।' ਜੇ ਲੁਟੇਰੇ ਜਾਂ ਡਾਕੂ ਆਪਣੇ ਕੰਮ ਤੋਂ ਨਾ ਹਟਣ ਤਾਂ ਆਪਣੀ ਤਲਵਾਰ ਆਪਣੇ ਹੱਥ ਤੇ ਮਾਰਦਾ ਹੋਇਆ ਆਖਦਾ ਹੈ, 'ਇਹ ਤਲਵਾਰ ਤੁਹਾਡੇ ਮੱਥੇ ਉੱਤੇ ਲੱਗੇ।' ਜੇ ਲੁਟੇਰਿਆਂ ਤੇ ਫਿਰ ਭੀ ਕੋਈ ਅਸਰ ਨਾ ਪਵੇ ਤਾਂ ਉਹੋ ਤਲਵਾਰ ਆਪਣੇ ਸੀਨੇ ਵਿੱਚ ਗੱਡ ਕੇ ਸਵਾਮੀ ਦੀ ਰਖਿਆ ਅਤੇ ਆਪਣੀ ਜਾਤੀ ਪ੍ਰਥਾ ਖਾਤਰ ਪ੍ਰਾਣ ਦਾਨ ਦੇ ਦੇਂਦਾ ਹੈ। ਚਾਰਣਾਂ ਦੀ ਰਾਜਪੂਤਾਂ ਜੈਸੀ ਪੋਸ਼ਾਕ ਹੁੰਦੀ ਹੈ। ਵਿਆਹ ਸ਼ਾਦੀਆਂ ਦੇ ਮੌਕਿਆਂ ਸਮੇਂ ਇਹ ਕਈ ਢੰਗਾਂ ਨਾਲ ਦਾਨ ਲੈਂਦੇ ਹਨ।*

ਚਾਰਣ 'ਕਾਚਲੀ' ਅਤੇ 'ਮਰੂ' ਦੋ ਜਾਤੀਆਂ ਵਿੱਚ ਵੰਡੇ ਹੋਏ ਹਨ। ਕਾਚਲੀ ਲੋਕ ਜ਼ਿਆਦਾ ਵਣਜ ਵਿਹਾਰ ਕਰਦੇ ਹਨ, ਮਰੂ ਭੱਟਾਂ ਵਾਲਾ ਉਸਤਤ ਕਰਮ। ਇਨ੍ਹਾਂ ਦੀਆਂ ਦਵੇਂ ਜਾਤੀਆਂ ਏਨੀਆਂ ਵਖੋ ਵਖਰੀਆਂ ਹੋ ਗਈਆਂ ਹਨ ਕਿ ਆਪਸ ਵਿੱਚ ਵਿਆਹ ਸ਼ਾਦੀਆਂ ਭੀ ਨਹੀਂ ਕਰਦੀਆਂ।

ਰਾਣਾ ਹਮੀਰ ਨੇ ਚਿੱਤੌੜ ਦੇ ਪਾਸ ਕੁਛਭੁਜ ਨਾਮੀ ਗਾਉਂ ਇਨ੍ਹਾਂ ਚਾਰਣਾਂ ਦਾ ਵਸਾ ਕੇ ਵਣਜ ਵਿਹਾਰ ਲਈ ਕਰਾਂ ਟੈਕਸਾਂ ਤੋਂ ਛੋਟ ਤੇ ਅਨੇਕ ਸਹੂਲਤਾਂ ਦਿੱਤੀਆਂ ਹੋਈਆਂ ਸਨ ਜਿੱਥੇ ਇਨ੍ਹਾਂ ਨੇ ਆਪਣਾ ਵਪਾਰ ਬਹੁਤ ਵਧਾ ਲਇਆ ਸੀ।

ਚਾਰਣਾਂ ਦੇ ਜਜਮਾਨਾਂ ਤੋਂ ਦਾਨ ਲੈਣ ਦੇ ਇਤਨੇ ਭਾਰੂ ਤਰੀਕੇ ਹਨ ਕਿ

---

* ਚਾਰਣਾਂ ਦੇ ਦਾਨ ਲੈਣ ਦੀ ਪੱਧਤੀ ਵੱਖਰੀ ਕਿਸਮ ਦੀ ਹੈ। ਇੱਕ ਦਾਨ ਦਾ ਨਾਮ ਹੈ, ਕੁਲ ਦਾਨ ਜੋ ਤਿੰਨ ਹਜ਼ਾਰ ਤੋਂ ਸੱਤਰ ਹਜ਼ਾਰ ਰੁਪਏ ਤਕ ਹੁੰਦਾ ਹੈ। ਇਕ ਵੱਡੇ ਦਾਨ ਦਾ ਨਾਮ ਹੈ 'ਲਾਖ ਪਸਾਵ' ਜੋ ਇੱਕ ਲੱਖ ਦਾ ਹੁੰਦਾ ਹੈ, ਇੱਕ ਲੱਖ ਰੁਪਿਆ ਨਕਦ ਨਾ ਹੋਵੇ ਤਾਂ ਉਹ ਜ਼ਮੀਨ, ਹਾਥੀ, ਘੋੜੇ, ਉਠ ਦੇ ਰੂਪ ਵਿੱਚ ਭੀ ਦਿਤਾ ਲਇਆ ਜਾ ਸਕਦਾ ਹੈ। ਜੋਧਪੁਰ ਦੇ ਇਤਿਹਾਸ ਵਿੱਚ ਇਕ ਕਵੀ ਰਾਜਾ ਮੁਰਾਰੀ ਦਾਨ ਇੱਕ ਚਾਰਣ ਭੱਟ ਨੂੰ ਤਿੰਨ ਲਾਖ ਪਸਾਵ ਤੇ ਉਸ ਦੇ ਪਿਉ 'ਬਾਂਕੀ ਦਾਨ' ਨੂੰ ਦੋ ਲਾਖ ਪਸਾਵ ਦਿਤੇ ਜਾਣ ਦਾ ਜ਼ਿਕਰ ਹੈ।

ਜੋਧਪੁਰ ਰਿਆਸਤ ਵਲੋਂ ੩੯੦ ਪਿੰਡ ਭੱਟਾਂ ਨੂੰ ਦਾਨ ਵਿੱਚ ਮਿਲੇ ਹੋਏ ਹਨ, ਜਿੱਥੇ ਉਨ੍ਹਾਂ ਦੀ ਉਲਾਦ ਵੱਸਦੀ ਹੈ। ਰਾਜਪੂਤਾਨੇ ਦੇ ਹਰ ਰਾਜੇ ਵਲੋਂ ਭੱਟਾਂ ਤੇ ਚਾਰਣਾਂ ਨੂੰ ਖੁਲ੍ਹਾ ਦਾਨ ਦਿਤਾ ਜਾਂਦਾ ਰਹਿਆ ਹੈ। ਬ੍ਰਾਹਮਣਾਂ ਨੂੰ ਦਿਤੇ ਜਾਣ ਵਾਲੇ ਦਾਨ ਨੂੰ "ਦਛਣਾ" ਤੇ ਭੱਟ ਤੇ ਚਾਰਣਾਂ ਨੂੰ ਦਿਤੇ ਜਾਣ ਵਾਲੇ ਦਾਨ ਨੂੰ 'ਤਿਆਗ' ਕਹਿੰਦੇ ਹਨ। ਤਿਆਗ ਕਰਨ ਸਮੇਂ ਇਕ ਚਾਰਣ ਜਾਂ ਭੱਟ ਨੂੰ ਪ੍ਰਧਾਨ ਬਣਾ ਦਿੰਦੇ ਸਨ, ਉਹ ਅਗੋ ਮਰਜ਼ੀ ਮੁਤਾਬਕ ਦੂਜੇ ਭੱਟਾਂ ਜਾਂ ਚਾਰਣਾਂ ਨੂੰ ਹਿੱਸਾ ਦੇਂਦਾ ਸੀ। ਇਹ ਰੀਤੀ ਹੁਣ ਘਟ ਗਈ ਹੈ ਪਰ ਹਟੀ ਨਹੀਂ। ਕਈ ਰਾਜੇ ਇਕੋ ਵਾਰ ਯੁਕਤੀ ਹੀ ਕਿ ਜਿੰਨਾ ਭੱਟ ਦਾਨ ਲੈਣਾ ਚਾਹੇ ਲੈ ਲਵੇ— ਦੇ ਕੇ ਛੁਟਕਾਰਾ ਹਾਸਲ ਕਰ ਲੈਂਦੇ ਹਨ। ਇਸ ਤਰ੍ਹਾਂ ਦੀ ਰਸਮ 'ਅਯਾਚਕ' ਕਹਾਉਂਦੀ ਹੈ। ਉਸ ਪਿਛੋਂ ਯਾਚਕ ਹੋਣ ਦੀ ਲੋੜ ਹੀ ਨਾ ਰਹੇ। ਇਹ ਦਾਨ ਹਾਸਲ ਕਰਖੇ ਅਯਾਚਕ ਬਣਨ ਪਿਛੋਂ ਫਿਰ ਕੋਈ ਭੀ ਭੱਟ ਕਿਸੇ ਤਰ੍ਹਾਂ ਦਾ ਦਾਨ ਗ੍ਰਹਣ ਨਹੀਂ ਕਰ ਸਕਦਾ। ਉਦੈਪੁਰ ਦੇ ਰਾਣਾ ਨੇ ਜੋਧਪੁਰ ਦੇ 'ਅਯਾਚਕ' ਬਣਾਏ ਹੋਏ ਭੱਟ ਮੁਰਾਰੀ ਦਾਨ ਨੂੰ ਕਹਿੰਦੇ, ਇਕ ਵਾਰੀ ਲਾਖ ਪਸਾਵ ਦੀ ਭੇਟਾ ਕੀਤੀ ਤਾਂ ਉਸ ਨੇ ਇਹ ਕਹਿ ਕੇ ਲੈਣ ਤੋਂ ਇਨਕਾਰ ਕਰ ਦਿਤਾ ਕਿ 'ਮੈਂ ਤਾਂ ਅਜਾਚਕ ਹੋ ਚੁਕਿਆ ਹਾਂ।'



Digitized by Panjab Digital Library | www.panjabdigilib.org

ਕਈ ਵਾਰੀ ਉਨ੍ਹਾਂ ਤੋਂ ਡਰ ਕੇ ਜਜਮਾਨ ਮੁੰਡੇ ਕੁੜੀਆਂ ਦੀਆਂ ਸ਼ਾਦੀਆਂ ਹੀ ਨਹੀਂ ਕਰਦੇ ਸਨ। ਏਥੋਂ ਤਕ ਕਿ ਲੋਕ ਜੰਮਦੇ ਪੁੱਤਰਾਂ ਨੂੰ ਇਸ ਲਈ ਮਾਰ ਦੇਂਦੇ ਸਨ ਕਿ ਉਨ੍ਹਾਂ ਪਾਸ ਚਾਰਣਾਂ ਨੂੰ ਦਾਨ ਦੇਣ ਜੋਗੀ ਸੰਪੱਤੀ ਨਹੀਂ ਸੀ ਹੁੰਦੀ। ਤੇ ਕੁੜੀਆਂ ਇਸ ਲਈ ਮਾਰਦੇ ਰਹੇ ਕਿ ਇਨ੍ਹਾਂ ਦੇ ਵਿਆਹ ਵੇਲੇ ਚਾਰਣਾਂ ਜਾਂ ਭੱਟਾਂ ਨੂੰ ਜਿਤਨਾ ਦਾਨ ਦੇਣਾ ਜ਼ਰੂਰੀ ; ਉਸ ਦੀ ਸਮਰਥਾ ਤੋਂ ਹੀਨ ਸਨ। ਜਜਮਾਨਾਂ ਨੂੰ ਇਹ ਲੋਕ ਇਤਨਾ ਡਰਾ ਦੇਂਦੇ ਸਨ ਕਿ ਜੇ ਪੁਰਾਤਨ ਰੀਤਾਂ ਅਨੁਸਾਰ ਇਨ੍ਹਾਂ ਨੂੰ ਦਾਨ ਤੇ ਬਖਸ਼ੀਸ਼ਾਂ ਨਾ ਦਿੱਤੀਆਂ ਗਈਆਂ ਤਾਂ ਇਹ ਉਨ੍ਹਾਂ ਦਾ ਕਰੜਾ ਅਪਜਸ ਲਿਖ ਜਾਣਗੇ। ਭੱਟਾਂ ਦੇ ਦਾਨ ਦੇ ਡਰ ਤੋਂ ਪੁਤਾਂ ਧੀਆਂ ਮਾਰਨ ਦੀ ਇਹ ਭੈੜੀ ਪ੍ਰਥਾ ਦੂਰ ਕਰਨ ਲਈ ਇੱਕ ਅੰਗ੍ਰੇਜ਼ ਕਰਨਲ ਬ੍ਰਾਲਟਰ ਨੂੰ 'ਹਿਤਕਾਰੀ ਸਭਾ' ਕਾਇਮ ਕਰਨੀ ਪਈ ਸੀ।

"ਰਾਜਪੂਤਾਨੇ ਦਾ ਇਤਿਹਾਸ" ਵਿਚ ਕਰਨਲ ਟਾਡ ਲਿਖਦੇ ਹਨ ਕਿ ਇਹ ਲੋਕ ਮਰਨ ਤੋਂ ਨਿਡਰ ਹੋਣ ਕਰਕੇ ਇਤਨੇ ਮੂੰਹ ਜ਼ੋਰ ਹੋ ਗਏ ਸਨ ਕਿ ਵਡੇ ਵਡੇ ਰਾਜਿਆਂ ਨੂੰ ਝੁਕਾ ਲੈਂਦੇ ਸਨ। ਕਰਨਲ ਟਾਡ ਇਕ ਹੋਰ ਥਾਂ ਏਸੇ ਹੀ ਗ੍ਰੰਥ ਵਿਚ ਲਿਖਦੇ ਹਨ ਕਿ 'ਰਾਜ ਪੂਤ ਜਾਤੀ ਵਿਚ ਭੱਟ ਲੋਕ ਆਪਣੇ ਪਵਿਤ੍ਰ ਚਰਿਤ੍ਰ ਦੇ ਕਾਰਣ ਹੀ ਸੌਦਾਗਰੀ ਮਾਲ ਦੇ ਮਸੂਲ ਤੋਂ ਮੁਕਤ ਕਰ ਦਿਤੇ ਜਾਂਦੇ ਸਨ। ਇਸ ਜਾਤੀ ਦੇ ਲੋਕਾਂ ਦਾ ਰਾਣਾ ਅਮਰ ਸਿੰਘ ਦੇ ਨਾਲ ਇੱਕ ਬੜਾ ਯਾਦਗਾਰੀ ਝਗੜਾ ਹੋਇਆ ਸੀ। ਭੱਟਾਂ ਨੇ ਰਾਣੇ ਪਾਸ ਆਪਣੇ ਵਪਾਰ ਦੇ ਕੰਮਾਂ ਵਿੱਚ ਨਿਹਾਇਤ ਨਿਰਦੋਤਾ ਨਾਲ ਇਤਨੀਆਂ ਛੋਟਾਂ ਹਾਸਿਲ ਕਰਨ ਦੀ ਇੱਕ ਅਜਿਹੀ ਪ੍ਰਾਰਥਨਾ ਲਿਖ ਭੇਜੀ ਜੋ ਪੂਰੀ ਨਹੀਂ ਹੋ ਸਕਦੀ ਸੀ। ਰਾਜੇ ਨੇ ਉਸ ਉਤੇ ਕੋਈ ਖਾਸ ਤਵੱਜੋ ਨਾ ਦਿਤੀ ਤਾਂ ਭੱਟ ਲੋਗ 'ਬ੍ਰਹਮ ਹੱਤਿਆ' ਉਤੇ ਤੁਲ ਆਏ।* ਪਰ ਰਾਜਾ ਅਮਰ ਸਿੰਘ ਨੇ ਫਿਰ ਭੀ ਇਨ੍ਹਾਂ ਦੀ ਗੱਲ

---

* ਕਰਨਲ ਟਾਡ ਲਿਖਦੇ ਹਨ ਕਿ ਇਹ ਲੋਕ ਇਕ ਦੋ ਵਾਰ ਦੀਆਂ ਛੋਟਾਂ ਤੇ ਸੰਤੁਸ਼ਟ ਨਹੀਂ ਹੁੰਦੇ। ਨਿੱਤ ਨਵੀਆਂ ਤੋਂ ਨਵੀਆਂ ਮੰਗਾਂ ਰੱਖੀ ਰਖਦੇ ਹਨ। ਹਰ ਵੇਲੇ ਪ੍ਰਾਣ ਦਾਨ ਕਰਨ ਲਈ ਗਲੇ ਵਿਚ ਛੁਰੀ ਲਟਕਾਈ ਰੱਖਦੇ ਹਨ। ਕਰਨਲ ਟਾਡ ਲਿਖਦੇ ਹਨ ਕਿ ਰਾਜਾ ਭੀਮ ਸਿੰਘ ਪਾਸ ਜਦੋਂ ਮੈਂ ਪੁਜਿਆ ਹੋਇਆ ਸੀ ਤਾਂ ਇਕ ਭੱਟ ਪ੍ਰਵਾਰ ਨੇ ਇਸੇ ਤਰ੍ਹਾਂ ਦੀ ਇਕ ਪ੍ਰਾਰਥਨਾ ਕਰ ਦਿੱਤੀ। ਰਾਣਾ ਭੀਮ ਸਿੰਘ ਆਪਣੇ ਵੱਡੇ ਅਮਰ ਸਿੰਘ ਵਾਂਗ ਕਠੋਰ ਨਹੀਂ ਸਨ, ਉਨ੍ਹਾਂ ਨੇ ਆਪਣੀ ਮੁਸ਼ਕਲ ਮੈਨੂੰ ਦੱਸੀ। ਇਸ ਤਰ੍ਹਾਂ ਦੇ ਅਨਿਆਕਾਰੀ ਤਰੀਕੇ ਨਾਲ ਸੁਲਝਣ ਲਈ ਮੈਂ ਜ਼ਿੰਮੇਦਾਰੀ ਚੁੱਕ ਲਈ। ਮੈਂ ਇੱਕ ਆਪਣਾ ਆਦਮੀ ਭੇਜ ਕੇ ਭੱਟਾਂ ਨੂੰ ਕਹਾ ਭੇਜਿਆ ਕਿ ਇਸ ਰਿਆਸਤ ਵਿਚ ਜੋ ਭੀ ਕੋਈ ਵਣਜ ਵਪਾਰ ਕਰੇਗਾ, ਉਸ ਨੂੰ ਕਰ ਤੇ ਮਸੂਲ ਦੇਣੇ ਹੀ ਪੈਣਗੇ। ਜੇ ਤੁਸੀਂ ਨਿਹੱਕ ਹੀ ਆਤਮ ਹੱਤਿਆ ਕਰਨੀ ਹੈ ਤਾਂ ਬੇਸ਼ਕ ਕਰ ਲਵੋ। ਇਸ ਦੀ ਕੋਈ ਪ੍ਰਵਾਹ ਨਹੀਂ। ਜੇ ਤੁਸੀਂ ਕਰ ਮਸੂਲ ਦੇਣ ਲਈ ਤਿਆਰ ਹੋ ਤਾਂ ਇਕ ਕਾਗਜ਼ ਉਤੇ ਪ੍ਰਵਾਨਗੀ ਦੇ ਦਸਤਖਤ ਕਰ ਦੇਵੋ,

(ਬਾਕੀ ਸਫ਼ਾ ਪਰ ਤੇ)



Digitized by Panjab Digital Library | www.panjabdigilib.org

ਨਾ ਸੁਣੀ। ਇਸ ਤੋਂ ਜੋਸ਼ ਵਿਚ ਆ ਕੇ ਸਾਰੇ ਭੱਟ ਇਕੱਠੇ ਹੋ ਕੇ ਆਏ ਇਕ ਦਮ ੮੦ ਭੱਟਾਂ ਤੇ ਭੱਟਣੀਆਂ ਨੇ ਰਾਜਾ ਦੇ ਮਹਲਾਂ ਦੇ ਅਗੇ ਛੁਰੇ ਮਾਰ ਮਾਰ ਕੇ ਆਤਮ ਹੱਤਿਆ ਕਰ ਲਈ। ਇਸ ਦੋਸ ਬਦਲੇ ਰਾਣੇ ਨੂੰ ਮਹਾਂ ਪਾਪੀ ਠਹਰਾ ਕੇ ਸਾਰੀ ਰਾਜਪੂਤ ਜਾਤੀ ਨੇ ਉਸ ਨੂੰ ਛੇਕ ਦਿੱਤਾ। ਰਾਜਪੂਤਾਂ ਦੀ ਇਸ ਤਰ੍ਹਾਂ ਭੱਟਾਂ ਦੀ ਬ੍ਰਹਿਮ ਹੱਤਿਆ ਚੇ ਦੋਸ਼ੀ ਨੂੰ ਲੋਕ ਪਰਲੋਕ ਦੋਵਾਂ ਥਾਵਾਂ ਤੇ ਨਰਕ ਦਾ ਭਾਗੀ ਸਮਝਦੇ ਹਨ। 'ਪਰ ਰਾਜਾ ਅਮਰ ਸਿਘ ਇਤਨੇ ਤਕੜੇ ਨਿਕਲੇ ਕਿ ਉਨ੍ਹਾਂ ਨੇ ਆਪਣੇ ਮੇਵਾੜ ਰਾਜ ਵਿੱਚੋਂ ਭੱਟਾਂ ਨੂੰ ਦੇਸ਼ ਨਿਕਾਲਾ ਦੇ ਕੇ ਅਗੇ ਨੂੰ ਰਾਜ ਵਿੱਚ ਵੜਨ ਦੀ ਰੋਕ ਲਾ ਦਿਤੀ। ਇਹ ਹੁਕਮ ਰਾਜਾ ਭੀਮ ਸਿੰਘ ਨੇ ਪਿੱਛੋਂ ਮਨਸੂਖ ਕੀਤਾ ਤੇ ਭੱਟ ਲੋਕ ਫਿਰ ਮੇਵਾੜ ਵਿੱਚ ਆ ਕੇ ਵਸੇ।†

ਚਾਰਣ ਭੱਟਾਂ ਨੇ ਜਿੰਨ੍ਹਾਂ ਸਾਹਿੱਤ ਰਚਿਆ ਹੈ ਉਤਨਾ ਭੱਟਾਂ ਦੀ ਕਿਸੇ ਹੋਰ ਜਾਤੀ ਦਾ ਰਚਿਆ ਨਹੀਂ ਮਿਲਦਾ। ਰਾਜਸਥਾਨੀ ਗੁਜਰਾਤੀ ਮੇਵਾੜੀ ਮਰਹੱਟੀ ਭਾਸ਼ਾਵਾਂ ਵਿਚ ਇਨ੍ਹਾ ਦੇ ਅਨੇਕਾਂ ਗ੍ਰੰਥ ਰਚੇ ਮਿਲਦੇ ਹਨ ਜੋ ਆਪੋ ਆਪਣੇ ਪ੍ਰਾਤਾਂ ਦੇ ਆਦਿ ਕਾਲ ਦੇ ਇਤਿਹਾਸ ਤੇ ਸਾਹਿੱਤ ਦੀ ਬਹੁਮੁਲੀ ਪੂੰਜੀ ਹਨ। ਸਭ ਤੋਂ ਵਧ ਇਨ੍ਹਾਂ ਦਾ ਸਾਹਿੱਤ, ਰਾਜ ਸਥਾਨ ਡਿੰਗਲ ਤੇ ਪਿੰਗਲ ਭਾਸ਼ਾਵਾਂ ਵਿਚ ਹੈ। ਹੁਣ ਜਦ ਤੋਂ ਹਿੰਦੀ ਰਾਸ਼ਟਰ ਦੀ ਭਾਸ਼ਾ ਬਣੀ ਹੈ ਸਥਾਨਕ ਸ਼ਬਦ ਉਚਾਰਣ ਭੇਦ ਤਾਂ ਇਕ ਪਾਸੇ ਰਹੇ, ਉਤਰੀ ਭਾਰਤ ਦੀਆਂ ਸਮੂੰਹ ਸਥਾਨਕ ਭਾਸ਼ਾ ਨੂੰ ਏਥੋਂ ਤਕ ਕਿ ਪੰਜਾਬੀ ਦੀ ਬਾਂਗਰੂ ਤੇ ਬਾਗੜੀ, ਕਾਂਗੜੇ ਦੀ ਪਹਾੜੀ ਤੇ ਡੋਗਰੀ ਉਤੇ ਭੀ ਧੱਕੇ ਨਾਲ ਹੀ ਆਪਣੀ ਚਾਦਰ ਪਾ ਪਾ ਕੇ ਹਿੰਦੀ ਦੇ ਹੀ ਵਖੋ ਵਖਰੇ ਪਹਲੇ ਜਾਂ ਸ਼ੈਲੀ ਰੂਪ ਸਿੱਧ ਕਰਨ ਤੇ ਜ਼ੋਰ ਲਗਾ ਰਹੀ ਹੈ। ਹਿੰਦੀ ਸਾਹਿੱਤ ਦੇ ਇਤਿਹਾਸ ਬਾਰੇ ਲਿਖੇ ਗਏ ਨਵੀਨ ਗ੍ਰੰਥਾਂ ਵਿਚ 'ਚਾਰਣ ਕਾਲ' ਪਹਲੀਆਂ ਥਾਵਾਂ ਉਤੇ ਆਉਣ ਲੱਗ ਪਇਆ ਹੈ।* ਹੋ ਸਕਦਾ ਹੈ ਹਰਿਆਣੇ ਦੇ

---

(ਸਫ਼ਾ ੫੧ ਦੀ ਬਾਕੀ)

ਨਹੀਂ ਆਪਣੀਆਂ ਛੁਰੀਆਂ ਨਾਲ ਬੇਸ਼ਕ ਆਪਣੇ ਆਪ ਦੀ ਹੱਤਿਆ ਕਰ ਲਵੋ। ਰਾਣਾ ਅਮਰ ਸਿੰਘ ਨੇ ਤਾਂ ਤੁਹਾਨੂੰ ਦੇਸ਼ ਨਿਕਾਲਾ ਹੀ ਦਿਤਾ ਸੀ, ਮੈਂ ਤੁਹਾਡਾ ਸਾਰਾ ਮਾਲ ਭੀ ਜ਼ਬਤ ਕਰਨ ਦੀ ਰਾਣੇ ਪ·ਸ ਸਿਫ਼ਾਰਸ਼ ਕਰ ਦੇਵਾਂਗਾ'। ਇਹ ਸੁਣ ਕੇ ਭੱਟਾਂ ਨੇ ਓਸੇ ਵੇਲੇ ਦਸਤਖਤ ਕਰ ਦਿਤੇ ਤੇ ਰਾਣੇ ਨੇ ਖੁਸ਼ੀ ਨਾਲ ਪੰਜ ਸੋ ਬੈਲਾਂ ਦੇ ਮਾਲ ਨੂੰ ਕਰ ਤੋਂ ਮੁਕਤ ਕਰ ਦਿਤਾ;

( ਰਾਜਪੁਤਾਨੇ ਕਾ ਇਤਿਹਾਸ ਪੰਨਾ ੭੯੫ )

† ਜਾਪਦਾ ਹੈ ਪੰਜਾਬ ਦੇ ਸੁਥਰਿਆਂ ਤੇ ਗੁਰਜ ਮਾਰਾ ਨੇ ਭੀ ਇਨ੍ਹਾਂ ਦੀ ਨਕਲ ਹੀ ਕੀਤੀ ਹੈ। ਇਹ ਭੀ ਜਿਸ ਘਰ ਮੰਗਣ ਜਾਣ, ਜੇ ਉਹ ਮਨਾਸਬ ਦਾਨ ਨਾ ਦੇਵੇ ਤਾਂ ਆਪਣੇ ਸਰੀਰ ਤੇ ਘਾਉ ਕਰਕੇ ਖੂਨ ਵਹਾ ਲੈਂਦੇ ਹਨ।

* ਵੇਖੋ ਹਿੰਦੀ ਸਾਹਿੱਤ ਕਾ ਆਲੋਚਨਾਤਮਕ ਇਤਿਹਾਸ, ਲਿਖਤ ਡਾ: ਰਾਮ ਕੁਮਾਰ ਵਰਮਾ, ਐਮ. ਏ., ਪੀ. ਐਚ. ਡੀ. ਪ੍ਰਯਾਗ ਵਿਸ਼ਵ ਵਿਦਿਆਲਯਾ। ਜਿਨ੍ਹਾਂ ਨੇ ਪਹਲਾਂ ਸੰਧੀ ਕਾਂਡ ਦੇ ਕੇ —੧੩੯-੧੯੦ ਪੰਨੇ ਦੇ ਦੂਜੇ ਕਾਂਡ ਨੂੰ 'ਚਾਰਣ ਕਾਲ' ਲਿਖਿਆ ਹੈ।



Digitized by Panjab Digital Library | www.panjabdigilib.org

ਰਾਜਪੂਤਾਨੇ ਨਾਲ ਲਗਦੇ ਇਲਾਕਿਆਂ ਵਿੱਚ ਕਿਧੇ ਥਾਂ ਚਾਰਣ ਵਸ ਰਹੇ ਹੋਣ, ਤੇ ਇਨ੍ਹਾਂ ਦਾ ਰਚਿਆ ਸਾਹਿੱਤ ਵੀ ਪ੍ਰਚਲਿਤ ਹੋਵੇ ਪਰ ਪੰਜਾਬੀ ਖੇਤਰ ਤੇ ਮੱਧ ਪੰਜਾਬ ਵਿਚ ਇਨ੍ਹਾਂ ਦਾ ਕੋਈ ਬੰਸ ਨਹੀਂ ਮਿਲਦਾ।

ਜਿਵੇਂ ਉਪਹ ਦਸ ਆਏ ਹਾਂ ਕਿ ਚਾਰਣਾਂ ਦੀਆਂ ਦੋ ਜਾਤੀਆਂ ਹੋ ਜਾਣ ਤੋਂ ਉਨ੍ਹਾਂ ਦਾ ਆਪਸ ਵਿੱਚ ਰਿਸ਼ਤੇ ਨਾਤੇ ਨਹੀਂ ਹੁੰਦੇ, ਭੱਟਾਂ ਅਤੇ ਚਾਰਣਾਂ ਵਿੱਚ ਇਸ ਨਾਲੋਂ ਵੀ ਵਧ ਕਲੇਸ਼ ਚਲਿਆ ਆਉਂਦਾ ਹੈ। ਇੱਕ ਵਾਰੀ ਇਨ੍ਹਾਂ ਦੋਵਾਂ ਜਾਤੀਆਂ ਦਾ ਝਗੜਾ ਅਕਬਰ ਦੇ ਦਰਬਾਰ ਤੱਕ ਭੀ ਗਇਆ ਸੀ। ਚਾਰਣਾਂ ਤੇ ਭੱਟਾਂ ਦੀਆਂ ਅਗੇ ਕਈ ਸ਼੍ਰੇਣੀਆਂ ਬਣ ਗਈਆਂ ਹਨ ਜਿਨ੍ਹਾਂ ਵਿਚੋਂ ਮੋਤੀਸਰ ਜਾਤੀ ਦੇ ਭੱਟ ਰਾਜਪੂਤਾਨੇ ਵਿੱਚ ਆਪਣੀਆਂ ਰਚਨਾਵਾਂ ਕਰਕੇ ਕਾਫੀ ਉਚੀ ਥਾਂ ਦੇ ਮਾਧਕ ਮੰਨੇ ਜਾਂਦੇ ਹਨ।

ਭੱਟਾਂ ਦੀ ਇੱਕ 'ਸੇਵਕ' ਸ਼੍ਰੇਣੀ ਭੀ ਹੈ। ਇਸ ਸ਼੍ਰੇਣੀ ਦੇ ਭੱਟਾਂ ਵਿਚੋਂ ਬਹੁਤੇ ਜੈਨ ਮੰਦਰਾਂ ਦੇ ਪੁਜਾਰੀ ਤੇ ਕੁਝ ਬੀਕਾਨੇਰ ਵਿੱਚ ਵਸੇ ਹੋਏ ਹਨ। ਇਨ੍ਹਾਂ ਦੇ ਰਚੇ ਹੋਏ ਜੈਨਾਂ ਬਾਰ ਤੇ ਇਤਿਹਾਸਕ ਸਾਹਿੱਤਕ ਗ੍ਰੰਥ ਭੀ ਰਾਜਸਥਾਨ ਵਿੱਚ ਮਿਲਦੇ ਹਨ।

ਢਾਡੀ ਭੀ ਭੱਟਾਂ ਦੀ ਇਕ ਉਪ-ਜਾਤੀ ਹਨ। ਰਾਜਸਥਾਨ ਦੇ ਅਦੁੱਤੀ ਪ੍ਰੇਮ ਕਾਵਿ ਗ੍ਰੰਥ ਢੋਲਾ ਮਾਰੂਰਾ ਦੋਹਾਂ ਵਿੱਚ ਮਾਰ ਵਾਣੀ ਦੇ ਸੁਨੇਹੇ ਰਾਜੇ ਤੱਕ ਪਹੁੰਚਾਉਣ ਦਾ ਕੰਮ ਢਾਡੀ ਰਾਹੀਂ ਹੋਇਆ ਦੱਸਿਆ ਗਇਆ ਹੈ। ਢਾਡੀ ਆਪਣੇ ਜਜਮਾਨਾਂ ਦੀਆਂ ਬੰਸਾਵਲੀਆਂ ਤੋਂ ਇਲਾਵਾ ਆਪਣੇ ਸਮੇਂ ਦੀਆਂ ਬੀਰ ਕਥਾਵਾਂ ਜੋਧਿਆਂ ਤੇ ਰਾਠਾਂ ਦੀਆਂ ਲੁੱਟਾਂ ਤੇ ਭੇੜਾਂ ਨੂੰ ਲੋਕਾਂ ਦੇ ਇਕੱਠਾ ਵਿੱਚ ਢੱਡ ਨਾਲ ਗਾ ਕੇ ਸੁਣਾਉਂਦੇ ਹਨ। ਪੰਜਾਬ ਵਿੱਚ ਢਾਡੀ ਮੁਸਲਮਾਨ ਹੋ ਗਏ ਹਨ। ਗੁਰੂ ਹਰਿ ਗੋਬਿੰਦ ਜੀ ਦੀ ਗਦੀ ਨਸ਼ੀਨੀ ਵੇਲੇ ਕਈ ਥਾਵਾਂ ਦੇ ਉੱਘੇ ਡਾਢੀ ਪੁੱਜੇ ਹੋਣ ਦਾ ਜ਼ਿਕਰ ਮਿਲਦਾ ਹੈ। ਜਿਨ੍ਹਾਂ ਵਿੱਚੋਂ ਪਿੰਡ ਸੁਰ ਸਿੰਘ ਦੇ ਅਬਦੁਲ ਤੇ ਨਥੂ ਮਲ ਨੂੰ ਗੁਰੂ ਜੀ ਨੇ ਹਜ਼ੂਰੀ ਢਾਡੀ ਬਣਾ ਲਇਆ ਸੀ। ਢਾਡੀਆਂ ਦੀਆਂ ਰਚੀਆਂ ਗੁਰੂ ਸਾਹਬਾਨ ਦੇ ਜੰਗਾਂ ਯੁਧਾਂ ਦੀਆਂ ਪਉੜੀਆਂ ਪੰਜਾਬੀ ਦਾ ਬੀਰ ਰਸੀ ਤੇ ਕੀਮਤੀ ਆਦਿ ਸਾਹਿੱਤ ਹੈ।*

---

੧ ਰਾਏ ਰਾਜਪੂਤਾਂ ਦੀ ਇਕ ਜ਼ਾਤੀ ਸੀ। ਜਿਨ੍ਹਾਂ ਦੇ ਵਡੇ ਵਡੇਰੇ ਹਠੂਰ ਵਿਚ ਆ ਵਸੇ ਸਨ। ਉਨ੍ਹਾਂ ਦੇ ਹੀ ਇੱਕ ਯੋਧੇ 'ਰਾਏ ਕਮਾਲ ਦੀ' ਦੀ ਬੀਰਤਾ ਦੀ ਪਾਉੜੀ ਉਤੇ ਗੁਰੂ ਹਰ ਗੋਬਿੰਦ ਜੀ ਨੇ 'ਰਾਏ ਕਮਾਲ ਦੀ ਮੌਜੂਦੀ ਕੀ ਧਨੀ' ਗੁਰੂ ਗ੍ਰੰਥ ਸਾਹਬ ਦੀ ਘੋੜੀ ਕੀ ਵਾਰ ਉਤੇ ਚੜ੍ਹਾਈ ਸੀ। ਇਨ੍ਹਾਂ ਹੀ ਰਾਏ ਕਿਆਂ ਨੇ ਰਾਏ ਕੋਟ ਤੇ ਰਾਏ

( ਬਾਕੀ ਦੇਖੋ ਸਫ਼ਾ ਪ੦ ਤੇ )

Digitized by Panjab Digital Library | www.panjabdigilib.org 

ਭੱਟਾਂ ਦੇ ਕਈ ਤਰ੍ਹਾਂ ਦੇ ਕੁਲ ਨਾਮ ਪਾਏ ਜਾਂਦੇ ਹਨ—ਰਾਏ ਭੱਟ, ਰਾਜ ਭੱਟ, ਯਗ ਭੱਟ, ਬ੍ਰਹਿਮ ਭੱਟ, ਭੱਟਾਂ ਦੀਆਂ ਜਾਤੀਆਂ ਮੰਨੀਆਂ ਜਾਂਦੀਆਂ ਹਨ, ਅਸਲ ਵਿੱਚ ਇਹ ਨਾਂ ਉਨ੍ਹਾਂ ਦੇ ਜਜਮਾਨਾਂ ਕਾਰਨ ਪਏ ਹਨ। ਜੋ ਰਾਜਿਆਂ ਦੇ ਭੱਟ ਸਨ ਉਹ ਰਾਜ ਭੱਟ ਕਹਾਉਣ ਲਗ ਪਏ। ਜੋ ਰਾਏ ਕਿਆਂ ਦੇ ਭੱਟ ਸਨ, ਉਹ ਰਾਏ ਭੱਟ। ਬ੍ਰਹਮਣਾਂ ਦੇ ਭੱਟ ਬ੍ਰਹਮ ਤੇ ਜੋ ਯੱਗ ਆਦਿ ਕਰਾਉਂਦੇ ਸਨ ਉਹ ਯੱਗ-ਭੱਟ ਸੱਦੇ ਜਾਂਦੇ ਰਹੇ। ਅਗੇ ਜਿਉਂ ਜਿਉਂ ਉਨ੍ਹਾਂ ਦੀਆਂ ਬੰਸਾਂ ਦਾ ਵਾਧਾ ਹੁੰਦਾ ਗਇਆ ਉਤਨੀਆਂ ਵੱਡੀਆਂ ਜਾਤਾਂ ਬਣਦੀਆਂ ਗਈਆਂ। ਪੰਜਾਬ ਦੇ ਮਾਨ ਸਿੰਘ ਭੱਟ ਦੇ ਬਿਆਨ ਤੋਂ ਇਹ ਭੀ ਪ੍ਰਗਟ ਹੁੰਦਾ ਹੈ ਕਿ ਵਖੋ ਵਖਰਿਆਂ ਇਲਾਕਿਆਂ ਵਿੱਚ ਭੱਟਾਂ ਨੂੰ ਵਖੋ ਵਖਰੇ ਨਾਵਾਂ ਨਾਲ ਭੀ ਪੁਕਾਰਿਆ ਜਾਂਦਾ ਹੈ। ਪੂਰਬ ਵਿੱਚ 'ਬਹੀ ਵੰਚਾ' ਉਤਰੀ ਭਾਗ ਦੇ ਲੋਕ 'ਜਾਗਾ' ਮਾਰਵਾੜ ਦੇ ਰਾਏ ਤੇ ਕਾਪੜੀ ਆਖਦੇ ਹਨ। 'ਕਾਪੜੀ' ਗੁਰੂ ਗ੍ਰੰਥ ਸਾਹਬ ਵਿੱਚ ਭੀ ਆਉਂਦਾ ਹੈ।—ਕਾਪੜੀ ਕਉਤੇ ਜਾਗੂਤਾ। †

ਭੱਟਾਂ ਬਾਰੇ ਉਪਰ ਕੀਤੀ ਗਈ ਬਹਸ ਤੋਂ ਪ੍ਰਗਟ ਹੁੰਦਾ ਹੈ ਕਿ ਇਹ ਇੱਕ ਪੁਰਾਣੇ ਯੁਗ ਦੀ ਮਿਥਿਹਾਸਕ ਮਹੱਤਤਾ ਰਖਣ ਵਾਲੇ ਪੁਰਾਣੇ ਵਿਦਵਾਨ, ਵੇਦਾਂ ਪੁਰਾਣਾਂ ਦੇ ਰਚਨ ਸਮੇਂ ਤੋਂ ਸਾਹਿੱਤ ਅਤੇ ਇਤਿਹਾਸ ਦੀ ਰਚਨਾ ਤੇ ਰਖਿਆ ਕਰਨ ਵਾਲੇ ਲੋਕ ਸਨ। ਜਿਨ੍ਹਾਂ ਦਾ ਗੁਜ਼ਰਾਨ ਆਪਣੇ ਜਜਮਾਨਾਂ ਦੀ ਦੱਛਣਾ ਵਧਾਈ, ਮਰਨੇ ਤੇ ਸ਼ਰਾਧਾਂ ਸਮੇਂ ਦਿੱਤੇ ਅਮਿਤ ਦਾਨ ਦੇ ਨਿਰਭਰ ਸੀ।

ਇਨ੍ਹਾਂ ਦੀਆਂ ਕਾਵਿ ਕਿਰਤਾਂ ਦੀ ਆਪਣੀ ਬੋਲੀ ਤੇ ਸ਼ੈਲੀ ਸੀ, ਏਹੋ ਕਾਰਨ ਹੈ ਭਾਵੇਂ ਇਨ੍ਹਾਂ ਦੀ ਕਵਿਤਾ ਗੁਜਰਾਤੀ ਤੇ ਰਾਜਸਥਾਨੀ ਵਿੱਚ ਰਚੀ ਹੋਵੇ ਜਾਂ ਪੰਜਾਬੀ ਵਿਚ, ਉਸ ਦੀ ਸ਼ਬਦਾਵਲੀ ਮਮੂਲੀ ਸਥਾਨਕ ਪ੍ਰਭਾਵਾਂ ਨੂੰ ਛੱਡ ਕੇ ਬਹੁਤੀ ਭਿੰਨਤਾ ਨਹੀਂ ਰਖਦੀ। ਸੱਚੀ ਗੱਲ ਇਹ ਕਿ ਉਹ ਪੰਜਾਬੀ ਦੇ

---

(ਸਫਾ ਪਞ ਦੀ ਬਾਕੀ)

ਕੀ ਤਲਵੰਡੀ ਆਦਿ ਪਿੰਡ ਵਸਾਏ ਸਨ। ਇਥੋਂ ਦੇ ਹੀ ਰਾਏ ਕੱਲੇ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਆਪਣੇ ਪਾਸ ਰਾਏ ਕੋਟ ਰਖਕੇ ਸਾਹਬਜ਼ਾਦਿਆਂ ਦੀ ਸ਼ਹੀਦੀ ਦੀ ਖਬਰ ਆਪਣੇ ਨੂਰੇ ਮਾਹੀ ਤੋਂ ਮੰਗਵਾ ਕੇ ਦਿਤੀ ਸੀ। ਰਾਏ ਬਲਵੰਡ ਗੁਰੂ ਨਾਨਕ ਜੀ ਦੇ ਅੰਤ ਸਮੇਂ ਜਸ ਗਾਉਣ ਵਾਲਾ ਰਬਾਬੀ, ਇਨ੍ਹਾਂ ਰਾਏ ਕਿਆਂ ਦਾ ਭੱਟ ਤੇ ਢਾਡੀ ਸੀ ਜਿਸ ਦੀ ਔਲਾਦ ਦੇਸ਼ ਦੀ ਵੰਡ ਤਕ ਪਿੰਡ ਲੰਮੇ ਜੱਟ ਪੁਰੇ ਵਸਦੀ ਰਹੀ ਹੈ।

† ਰਾਜਪੂਤਾਨੇ ਅਤੇ ਬਾਂਗਰ ਵਿੱਚ ਹਿੰਦੂ ਭੂਮ ਕਾਪੜੀਏ ਸੱਦੀਦੇ ਹਨ। ਪੰਜਾਬ ਵਿਚ ਇੱਕ ਬ੍ਰਹਮਨਾਂ ਤੋਂ ਪਤਨ ਹੋਈ ਜਾਤ ਜੋ ਡੂਨੇ ਪਤਲਾਂ ਬਣਾ ਕੇ ਗੁਜ਼ਾਰਾ ਕਰਦੀ ਹੈ। (ਮਹਾਨ ਕੋਸ਼ ਨਵਾਂ ਐਡੀਸ਼ਨ ਸਫਾ 239)



Digitized by Panjab Digital Library | www.panjabdigilib.org

ਸਭਨਾਂ ਨਾਲੋਂ ਨੇੜੇ ਹੈ। ਆਪਣੀਆਂ ਲਿਖਤਾਂ ਲਿਖਣ ਲਈ ਇਹ ਆਪਣੀ ਲਿਪੀ ਭੱਟਾਖਰੀ ਵਰਤਦੇ ਸਨ। ਜੋ ਬ੍ਰਹਮੀ ਲਿਪੀ ਦੀਆਂ ਜਦੋਂ ਲਗਾਂ ਮਾਤਰਾਂ ਬਣੀਆਂ ਨਹੀਂ ਸਨ ਉਸ ਸਮੇਂ ਦਾ ਰੂਪ ਹੈ। ਭਟਾਖਰੀ ਦੇ ਇਸ ਰੂਪ ਨੂੰ ਲਗਾਂ ਮਾਤਰਾਂ ਨਾ ਹੋਣ ਕਰਕੇ ਅਸੀਂ ਲੰਡੇ ਆਖਦੇ ਹਾਂ। ਭੱਟਾਂ ਦੀਆਂ ਪੁਰਾਣੀਆਂ ਤੇ ਨਵੀਨ ਵਹੀਆਂ ਵਿੱਚ ਅਖਰਾਂ ਦੀ ਸ਼ਕਲ ਟਾਕਰੀ ਨਾਲ ਮਿਲਦੀ ਜੁਲਦੀ ਹੈ। ਆਦਿ ਪੋਥੀਆਂ ਤੇ ਪੁਰਾਤਨ ਲੇਖਾਂ ਵਿੱਚ ਵਰਤੀ ਗਈ ਗੁਰਬਾਣੀ ਦੀ ਲਿਪੀ ਇਹੋ ਟਾਕਰੀ ਹੀ ਸੀ, ਇਸ ਟਾਕਰੀ ਲਿਪੀ ਨੂੰ ਗੁਰੂ ਨਾਨਕ ਜੀ ਨੇ ਸੋਧ ਕੇ ਆਪਣੀ ਬਾਣੀ ਲਿਖਣ ਲਈ ਵਰਤਣਾ ਆਰੰਭ ਕੀਤਾ ਸੀ। ਜਿਸ ਤੋਂ ਇਸ ਦਾ ਨਾਂ ਗੁਰਮੁਖੀ ਪ੍ਰਸਿੱਧ ਹੋਇਆ। ਟਾਕਰੀ ਗੁਰਮੁਖੀ ਦਾ ਭੱਟਾਂ ਦੀ ਭਟਾਖਰੀ ਨਾਲ ਨੇੜੇ ਦਾ ਸੰਬੰਧ ਹੈ। ਲਗਾਂ ਮਾਤਰਾਂ ਤੋਂ ਬਿਨਾ ਬਾਕੀ ਸ਼ਕਲਾਂ ਕਈ ਲੇਖਾਂ ਵਿਚ ਮਿਲਦੀਆਂ ਜੁਲਦੀਆਂ ਪਾਈਆਂ ਜਾਂਦੀਆਂ ਹਨ।

## ਪੰਜਾਬ ਦੇ ਭੱਟ

ਪੰਜਾਬ ਦੇ ਭੱਟਾਂ ਬਾਰੇ ਹੁਣੇ ਹੁਣੇ ਪ੍ਰਾਪਤ ਹੋਈ ਜਾਣਕਾਰੀ ਸਾਰੇ ਅਲਪ ਗਿਆਨ ਉਤੇ ਕਰੜਾ ਵਿਅਗ ਹੈ। ਇਹ ਜਾਣਕਾਰੀ ਸਾਡੀ ਅਖਾਉਤੀ ਵਿਦਵਤਾ ਦਾ ਪੋਲ ਖੋਲ੍ਹ ਕੇ ਸੋਝੀ ਦਿੰਦੀ ਹੈ, ਕਿ ਅਸੀਂ ਆਪਣੇ ਆਸ ਪਾਸ ਪਈ ਕੀਮਤੀ ਸਾਮਗ੍ਰੀ ਤੋਂ ਕਿੰਨੇ ਬੇ-ਖਬਰ ਅਤੇ ਬੇ-ਪਰਵਾਹ ਹੋ ਕੇ ਟੁਰੇ ਜਾ ਰਹੇ ਹਾਂ। ਸਾਡੇ ਇਤਿਹਾਸ ਤੇ ਸਾਹਿੱਤ ਦਾ ਜਿਤਨਾ ਕੀਮਤੀ ਮਸਾਲਾ ਅਣ-ਛੋਹਿਆ ਪਇਆ ਹੈ, ਉਸ ਦੀ ਪ੍ਰਾਪਤੀ ਬਿਨਾਂ ਕਾਇਮ ਕੀਤੇ ਸਿੱਧਾਂਤ ਅਤੇ ਉਨ੍ਹਾਂ ਤੇ ਨਿਰਭਰ ਬਹਸਾਂ ਤੇ ਪੁਸਤਕਾਂ ਦੀਆਂ ਰਚਨਾਂ ਬਿਨਾ ਨੀਂਹ ਤੋਂ ਰੇਤ ਦੀਆਂ ਕੰਧਾਂ ਉਸਾਰਨ ਤੁੱਲ ਹਨ। ਇਸ ਤਰ੍ਹਾਂ ਕੀਤਿਆਂ ਨਾ ਸਿਰਫ ਪ੍ਰਾਪਤ ਸਾਮਗ੍ਰੀ ਨੂੰ ਅਸੀਂ ਦੂਜਿਆਂ ਲਈ ਜੂਠੀ ਕਰਕੇ ਚਗਲ ਬਣਾ ਸੁਟਦੇ ਹਾਂ ਸਗੋਂ ਠੀਕ ਵੇਲੇ ਵਰਤੀ ਜਾਣ ਵਾਲੀ ਚੰਗੀ ਸਾਮਗ੍ਰੀ ਦਾ ਮੰਦਾ ਹਾਲ ਕਰਨ ਦੇ ਦੋਸ਼ੀ ਭੀ ਹਾਂ। ਸਾਡੀ ਅਵਸਥਾ— 'ਕਾਚੀ ਸਰਸੋਂ ਪੇਲ ਕੇ ਨਾ ਖਲ ਭਈ ਨਾ ਤੇਲ' ਵਾਲੀ ਹੈ।

ਜਿਸ ਪੰਜਾਬ ਦੇ ਇਤਿਹਾਸਕਾਰ, ਭੱਟਾਂ ਬਾਰੇ ਕੁਝ ਨਹੀਂ ਜਾਣਦੇ, ਭੱਟਾਂ ਦੀਆਂ ਦਿਤੀਆਂ ਬੰਸਾਂਵਲੀਆਂ ਰਵਾਇਤਾਂ (ਖਿਆਤਾਂ) ਤੇ ਲਿਖਤਾ ਤੋਂ ਵਾਕਿਫ ਨਹੀਂ ਕੀ ਉਹ ਪੰਜਾਬ ਦਾ ਬੁਨਿਆਦੀ ਇਤਿਹਾਸ ਲਿਖ ਸਕਦੇ ਹਨ ?

ਭੱਟਾਂ ਦੇ ਸਾਹਿੱਤ ਬਾਰੇ ਸਾਡੀ ਵਾਕਫੀ ਦੀ ਬਦਹਾਲੀ ਇਹ ਹੈ ਕਿ ਸਾਨੂੰ ਸ੍ਰੀ ਗੁਰੂ ਗ੍ਰੰਥ ਸਾਹਬ ਵਿੱਚ ਆਈ ਭੱਟਾਂ ਦੀ ਬਾਣੀ ਤੋਂ ਬਿਨਾਂ


Digitized by Panjab Digital Library | www.panjabdigilib.org

ਹੋਰ ਕਿਸੇ ਤਰ੍ਹਾਂ ਦੇ ਭੱਟ ਸਾਹਿੱਤ ਬਾਰੇ ਖਿਆਲ ਤਕ ਭੀ ਨਹੀਂ ਆਉਂਦਾ ਤੇ ਗੁਰੂ ਗ੍ਰੰਥ ਸਾਹਬ ਵਿੱਚ ਆਏ ਭੱਟਾਂ ਬਾਰੇ ਅਜ ਤੋਂ ਸੌ ਡੇਢ ਸੌ ਵਰ੍ਹੇ ਪਹਲਾਂ ਤੋਂ ਲਿਖੇ ਜਾ ਰਹੇ ਗ੍ਰੰਥਾਂ ਪ੍ਰਿਯਾਵਾਂ ਟੀਕਿਆਂ ਵਿੱਚ ਜੋ ਕੁਝ ਲਿਖੀਦਾ ਆ ਰਹਿਆ ਹੈ, ਉਹ ਕਿਆਸ ਅਰਾਈਆਂ ਪੜ੍ਹ ਕੇ ਹੈਰਾਨ ਹੋ ਜਾਈਦਾ ਹੈ। ਅਖੇ, ਚਾਰੇ ਵੇਦ ਮਿਰਤ ਲੋਕ ਵਿੱਚੋਂ ਭੱਟਾਂ ਦੇ ਰੂਪ ਵਿੱਚ ਅਵਤਾਰ ਧਾਰ ਕੇ ਗੁਰੂ ਅਰਜਨ ਜੀ ਪਾਸ ਮੁਕਤੀ ਲੈਣੀ ਆਏ ਸਨ। ਕੁਝ ਅਜਿਹੇ ਅਧਿਆਤਮਕਵਾਦੀ ਮਹਾਂ ਪੁਰਸ਼ ਵੀ ਹੋਏ ਹਨ ਜਿਨ੍ਹਾਂ ਨੇ ਇਸ ਗੱਲ ਉੱਤੇ ਬਹਸ ਕਰਦਿਆਂ ਕਿ, ਕਿਵੇਂ ਵੇਦਾਂ ਦਾ ਗੁਰੂ ਜੀ ਪਾਸ ਆਉਣਾ ਜ਼ਰੂਰੀ ਸੀ ਤੇ ਉਹ ਦੋਹ ਭੱਟਾਂ ਦੀਆਂ ਚਾਰ ਚਾਰ ਦੇਹਾਂ ਧਾਰ ਕੇ ਇਉਂ ਆਏ ਸੀ, ਸਫਿਆਂ ਦੇ ਸਫੇ ਕਾਲੇ ਕਰ ਛਡੇ ਹਨ।

ਨਵੇਂ ਜ਼ਮਾਨੇ ਦੇ ਖੋਜੀਆਂ ਨੇ ਭੱਟਾਂ ਦੀ ਖੋਜ ਉਨ੍ਹਾਂ ਦੀ ਗਿਣਤੀ ਅੰਕਾਂ ਦੇ ਸਿਧਾਂਤ ਤੇ ਨਿਰਭਰ ਕਰਦਿਆਂ ਕੁਝ ਆਪਣੇ ਹੀ ਖਿਆਲ ਮਿਥ ਲਏ ਹਨ। ਭੱਟਾਂ ਦੀ ਬਾਣੀ ਵਿੱਚ ਵਰਤੇ ਗਏ ਅੰਕਾਂ ਦਾ ਸਹਾਰਾ ਲੈ ਕੇ ਭੱਟਾਂ ਦੀ ਗਿਣਤੀ ੧੭ ਤੋਂ ੧੧ ਬਣਾ ਦੇਣ ਦੀ ਕਾਢ ਬਿਨਾਂ ਕਿਸੇ ਝਿਜਕ ਦੇ ਸਾਡੇ ਵਿਦਵਾਨ ਸਮਾਜ ਵਿੱਚ ਇਕ ਗੱਲ ਪ੍ਰਮਾਣਿਕ ਮੰਨੀ ਜਾਣ ਲਗ ਪਈ ਹੈ। ਹੁਣ ਭੱਟਾਂ ਦੀਆਂ ਵਹੀਆਂ ਤੋਂ ਉਨ੍ਹਾਂ ਦੀ ਆਪਣੀ ਬੰਸਾਵਲੀ ਪੜ੍ਹ ਕੇ ਇਹ ਸਾਰੇ ਭੁਲੇਖੇ ਧੁੰਦ ਦੇ ਬਦਲਾਂ ਵਾਂਗ ਖਿੰਡ ਜਾਂਦੇ ਹਨ। ਕਿਉਂਕਿ ਅਸੀਂ ਜਾਣ ਸਕਦੇ ਹਾਂ ਕਿ ਇਹ ਭਟ ਕੌਣ ਸਨ ਤੇ ਕਿਹੜਾ ਕਿਸ ਦਾ ਪੁੱਤਰ ਤੇ ਪੋਤਰਾ ਸੀ ? ਇਹ ਚੀਜ਼ ਸਾਡੇ ਵਿਦਵਾਨ ਸਮਾਜ ਨੂੰ ਹਲੂਣਾ ਦੇਣ ਲਈ ਕਾਫ਼ੀ ਹੋਵੇਗੀ ਕਿ ਅੱਗੇ ਨੂੰ ਅਸੀਂ ਕਚੀ ਭੁੰਨੀ ਸਾਮਗ੍ਰੀ ਉੱਤੇ ਚੁੰਝਾਂ ਦੇ ਭੇੜਾਂ ਉੱਤੇ ਵਕਤ ਗਵਾਉਣ ਦੀ ਥਾਂ ਪਹਲਾਂ ਸਾਮਗ੍ਰੀ ਦੀ ਪ੍ਰਾਪਤੀ ਕਰੀਏ। ਉਹ ਸਾਮਗ੍ਰੀ ਸਾਨੂੰ ਵਾਕਫੀ ਤੇ ਗਿਆਨ ਦੇਣ ਦੀ ਥਾਂ ਅਜਿਹੀ ਪ੍ਰੇਰਣਾ ਭੀ ਦੇਵੇਗੀ, ਜਿਸ ਨਾਲ ਬਹੁਤ ਸਾਰੇ ਲੇਖ ਤੇ ਕਿਤਾਬਾਂ ਲਿਖੀਆਂ ਜਾਣ। ਇਹ ਲੇਖ ਭੱਟਾਂ ਬਾਰੇ ਪ੍ਰਾਪਤ ਹੋਈ ਸਾਮਗ੍ਰੀ ਦੀ ਇਕ ਪ੍ਰੇਰਣਾ ਦੀ ਹੀ ਉਪਜ ਹੈ।

( ੨ )

ਪੰਜਾਬ ਦੇ ਭੱਟ ਸਰਸੂਤੀ ਨਦੀ ਦੇ ਕੰਢੇ ਉੱਤੇ ਵਸੇ ਹੋਏ ਸਾਰਸਤ ਬ੍ਰਾਹਮਣ ਸਨ। ਸਰਸਵਤੀ ਨਦੀ ਜੋ ਪਹਲਾਂ ਪਹੋਏ ਕੋਲ ਦੀ ਵਗਦੀ ਹੁੰਦੀ ਸੀ ਇਸ ਨਦੀ ਦੇ ਦੋ ਪਾੜ ਹੋਣ ਤੋਂ ਪੂਰਬ ਜਿਸ ਦੀਆਂ ਅਗੇ ਜਾ ਕੇ ਦੋ ਸ਼ਾਖਾਂ, ਇਕ ਬਠਿੰਡੇ ਵਲ ਦੀ, ਦੂਜੀ ਉਪਰ ਦੀ ਹੁੰਦੀ ਹੋਈ ਮਾਰੂ ਥਲ ਵਿੱਚ ਗੁੰਮ ਹੋ ਜਾਂਦੀਆਂ ਸਨ, ਪਹਲੇ ਭਾਗ ਦੇ ਕੰਢਿਆਂ ਉਤੇ ਜਿਹੜੇ ਰਿਸ਼ੀ ਨਦੀ ਉਰਾਰ ਵਸਦੇ ਸਨ, ਉਹ ਸਾਰਸੁਤ ਜਿਹੜੇ ਪਾਰਲੇ ਪਾਸੇ ਸਨ ਉਹ ਗੌੜ ਕਹੇ ਜਾਣ ਲੱਗ ਪਏ। ਪਹਲਾ ਅਤੇ ਬੁਨਿਆਦੀ ਗੋਤ ਦੋਵਾਂ ਦੀ ਇਕੋ ਕੌਸ਼ਸ਼ ਸੀ ਪੰਜਾਬ ਦੇ ਭੱਟ ਆਪਣੇ ਆਪ ਨੂੰ



Digitized by Panjab Digital Library | www.panjabdigilib.org

ਕੌਸ਼ਸ਼ ਰਿਖੀ ਦੀ ਸੰਤਾਨ ਮੰਨਦੇ ਹਨ। ਭੱਟਾਂ ਦੀ ਵਹੀ ਦੀ ਆਰੰਭਕ ਸੂਚਨਾ ਤੋਂ ਭੀ ਇਸ ਗੱਲ ਦੀ ਪੁਸ਼ਟੀ ਹੁੰਦੀ ਹੈ—

ਸ੍ਰੀ ਸਰਸਵਤੀ ਏ ਨਮਹਿ।
ਸ੍ਰੀ ਗਣੇਸ਼ ਏ ਨਮਹਿ।
ਕੌਸ਼ਸ਼ ਗੋਤਰ ਗੌੜ ਬ੍ਰਾਹਮਣ ਨਦੀ ਸਰਸਵਤੀ ਗਾਮ ਤਲਾਉਢਾ ਸੁਲਤਾਨਪੁਰ ਭਾਦਸੋਂ ਵਾਲੇ। (ਵਹੀ ਤਲਾਉਢਾ ਤੇ ਭਾਦਸੋਂ, ਭਟ ਮਾਨ ਸਿੰਘ)

ਭਾਦਸੋਂ ਪ੍ਰਗਣਾ ਲਾਡਵਾ ਅਤੇ ਤਲੌਢਾ ਪ੍ਰਗਣਾ ਜੀਂਦ ਆਦਿ ਸਰੁਸਵਤੀ ਨਦੀ ਦੇ ਕੰਢੇ ਦੇ ਪਿੰਡਾਂ ਵਿੱਚ ਕਿਤਨੇ ਹੀ ਭੱਟ ਰਹਿੰਦੇ ਹਨ। ਭਾਈ ਸੰਤ ਸਿੰਘ ਭੱਟ (ਉਮਰ ੫੦ ਸਾਲ) ਨੇ ੭-੯-੫੮ ਨੂੰ ਗਿਆਨੀ ਗਰਜਾ ਸਿੰਘ ਜੀ* ਦੇ ਘਰ (ਪਿੰਡ ਖਰਾਜਪੁਰ ਤਹਸੀਲ ਰਾਜਪੁਰਾ, ਪਟਿਆਲਾ) ਆਪਣੇ ਬਿਆਨ ਵਿੱਚ ਦੱਸਿਆ ਸੀ, ਪਿੰਡ ਕਿਰਸਿੰਧ ਤਹਸੀਲ ਸਫੀਦੋਂ (ਹੁਣ ਜੀਂਦ) ਵਿੱਚ ਭੱਟਾਂ ਦੇ ਪੰਜ ਘਰ ਹਨ। ਜ਼ਿਲਾ ਹਿਸਾਰ ਵਿੱਚ ਥਾਣਾ ਬਰਵਾਲਾ ਪਿੰਡ ਬਨਭੌਰੀ ਵਿੱਚ ੩੨, ੩੩ ਘਰ ਭੱਟਾਂ ਦੇ ਜਾ ਵਸੇ ਹਨ। ਜ਼ਿਲਾ ਕਰਨਾਲ ਦੇ ਪਿੰਡ ਸਾਰਸਾ, ਤਹਸੀਲ ਥਾਨੇਸਰ, ਅਟੈਲਾ, ਤਹਸੀਲ ਕੈਥਲ ਵਿੱਚ ਭੀ ਭੱਟਾ ਦੇ ਕਈ ਘਰ ਵਸ ਰਹੇ ਹਨ।

ਕਰਨਾਲ ਜ਼ਿਲੇ ਵਿੱਚ ਲਾਡਵੇ ਦੇ ਸਰਦਾਰ ਅਜੀਤ ਸਿੰਘ ਨੇ ਭੱਟਾਂ ਨੂੰ ਨਾਲ ਲਗਦਾ ਇਕ ਲੁਹਾਰੜਾ (ਰਿਹਾੜਾ) ਪਿੰਡ ਦੇ ਦਿੱਤਾ ਸੀ। ਏਥੇ ੨੫ ਮਣ ਆਟਾ ਮਹੀਨੇ ਦਾ ਲੰਗਰ ਲਈ ਮਿਲਦਾ ਰਹਿਆ। ਘਨੌਲੀ ਵਾਲਿਆਂ ਸਰਦਾਰਾਂ ਵਲੋਂ ਭੀ ਭੱਟਾਂ ਨੂੰ ਜਾਗੀਰ ਲਗੀ ਹੋਈ ਸੀ। ਇਨ੍ਹਾਂ ਹੀ ਭੱਟਾਂ ਦੇ ਕੁਝ ਖਾਨਦਾਨ ਯੂ. ਪੀ., ਸੀ. ਪੀ. ਵਿੱਚ ਜਾ ਵਸੇ ਤੇ ਕੁਝ ਸਹਾਰਨਪੁਰ ਤੇ ਜਗਾਧਰੀ ਦੇ ਇਲਾਕੇ ਵਿੱਚ ਰਹਿੰਦੇ ਹਨ। ਇਨ੍ਹਾਂ ਵਿੱਚੋਂ ਕਈ ਮੁਸਲਮਾਨ ਹੋ ਗਏ ਸਨ। ਸਹਾਰਨਪੁਰ ਲਾਗੇ ਦੇ ਭੱਟਾਂ ਦੀਆਂ ਵਹੀਆਂ ਭੀ ਭਟਾਖਰੀ ਦੀ ਥਾਂ (ਮੁਸਲਮਾਨ ਬਣ ਜਾਣ ਕਰਕੇ) ਉਰਦੂ ਵਿੱਚ ਲਿਖੀਆਂ ਹੋਈਆਂ ਹਨ।

ਭਾਈ ਸੰਤ ਜੀ ਨੇ ਆਪਣੇ ਬਿਆਨ ਵਿੱਚ ਅਗੇ ਚਲ ਕੇ ਕਹਿਆ ਕਿ ਅਸੀਂ ਕਰ ਸਿੰਧੂ ਵਾਸੀ ਭੱਟ ਇਕੋ ਦਾਦੇ ਦੀ ਉਲਾਦ ਹਾਂ। ੨੪ ਮਣ ਦੇ ਕਰੀਬ ਵਹੀਆਂ ਸਾਡੇ ਇਕੋ ਪਿੰਡ ਕਰਸਿੰਧੂ ਦੇ ਰਹਣ ਵਾਲੇ ਭੱਟਾਂ ਪਾਸ ਹੀ ਹਨ।

ਭੱਟ ਸੰਤ ਸਿੰਘ ਦੀ ਪੰਜਾਬ ਵਾਲੀ ਵਹੀ ਵਿਚ ਜਿਸ ਨੂੰ ਮੋਹਰਾਂ ਵਾਲੀ ਭੀ ਸਦਦੇ ਹਨ, ਇੱਕ ਗੁਰਮੁਖੀ ਅਖਰਾਂ ਵਿਚ ਐਲਾਨ ਲਿਖਿਆ ਹੋਇਆ ਹੈ

* ਗਿਆਨੀ ਗਰਜਾ ਸਿੰਘ ਜੀ ਕਈ ਵਰ੍ਹਿਆਂ ਤੋਂ ਭਟਾ ਦੀਆਂ ਬਹੀਆਂ ਵਿਚੋਂ ਭਾਈ ਮਨੀ ਸਿੰਘ ਬਾਰੇ ਖੋਜ ਕਰਦੇ ਆਏ ਹਨ। ਬੜੇ ਖੋਜੀ ਸਜਣ ਹਨ। ਭਟਾਂ ਨਾਲ ਮੇਰਾ ਮੇਲ ਇੰਨਾ ਨੇ ਹੀ ਕਰਾਇਆ ਸੀ।


Digitized by Panjab Digital Library | www.panjabdigilib.org

ਜੋ ਉਸ ਦੇ ਦੱਸਣ ਮੁਤਾਬਕ ਮਹਾਰਾਜਾ ਰਣਜੀਤ ਸਿੰਘ ਦੇ ਸਮੇ ਕੀਤਾ ਜਾਂ ਲਿਖਿਆ ਗਿਆ ਸੀ। ਇਸ ਦੀ ਲੋੜ ਇਸ ਕਰਕੇ ਪਈ ਸੀ ਕਿ ਪੰਜਾਬ ਵਿੱਚ ਵਸੇ ਭੱਟਾਂ ਦੇ ਜਜਮਾਨ ਗਰੀਬ ਹੋ ਜਾਣ ਕਾਰਣ ਦਾਨ ਆਦਿ ਦੇਣ ਤੋਂ ਝਿਜਕਦੇ ਸਨ ਜਿਸ ਕਰਕੇ ਇਨ੍ਹਾਂ ਦੇ ਦਾਦੇ ਛੱਜੂ ਸਿੰਘ ਨੇ ਇਹ ਐਲਾਨ ਕਢਵਾਕੇ ਵਹੀ ਵਿਚ ਨਕਲ ਕਰਵਾ ਲਾਇਆ ਸੀ। ਇਸ ਐਲਾਨ ਦੀ ਇਬਾਰਤ ਤੋਂ ਲਿਖੇ ਭੱਟਾਂ ਦੇ ਦਾਨ ਆਦਿ ਲੈਣ ਦੀਆਂ ਰਸਮਾਂ ਬਾਰੇ ਪਤਾ ਚਲਦਾ ਹੈ ਕਿ ਹਾਥੀ ਘੋੜਿਆਂ ਤੇ ਲਖਾਂ ਹਜ਼ਾਰਾਂ ਦਾ ਦਾਨ ਲੈਣ ਵਾਲੇ ਭੱਟ ਕਿਵੇਂ ਆਪਣੇ ਜਜਮਾਨਾਂ ਦੀ ਗਰੀਬੀ ਕਾਰਣ ਜੰਮਣ ਮਰਣ, ਵਿਆਹ, ਸ਼ਾਦੀ ਤੇ ਕਰੇਵੇ ਦੇ ਇੱਕ ਇੱਕ ਰੁਪਏ ਤੇ ਆ ਗਏ ਸਨ। ਇਸ ਲਿਖਤ ਤੋਂ ਇਹ ਪਤਾ ਭੀ ਚਲਦਾ ਹੈ ਕਿ ਰਾਜਪੂਤਾਂ ਦੇ ਜੋ ਇੱਕੇ ਦੁੱਕੇ ਵੰਸ ਪੰਜਾਬ ਵਿੱਚ ਵਸ ਰਹੇ ਹਨ, ਉਹ ਰਾਜਪੂਤਾਨੇ ਵਿੱਚੋਂ ਏਥੇ ਕਿਵੇਂ ਆਏ ਤੇ ਟਿੱਕੇ ਸਨ। ਐਲਾਨ ਸਰਲ ਪੜ੍ਹੀ ਜਾਣ ਵਾਲੀ ਗੁਰਮੁਖੀ ਵਿੱਚ ਇਉਂ ਹੈ :—

੧ ਓ ਸਤਿਗੁਰ ਪ੍ਰਸਾਦਿ ॥

ਵਿਦਤ ਹੋਵੇ ਕਿ ਪੰਜ ਕੌਮ ਰਾਜਪੂਤ, ਚੋਹਾਣ, ਰਠੌਰ, ਪ੍ਰਵਾਰ ਤੂਮਰ ਅਰ ਜਾਦੋ, ਇਹ ਸਭ ਕੌਮਾਂ ਰਾਜਾ ਮਾਨ ਸਿੰਘ ਤੂਮਰ ਕਛਵਾਹਿਆ ਜੈ ਪੁਰ ਵਾਲਾ ਬਾਦਸ਼ਾਹ ਦੇ ਵੇਲੇ ਸੰਮਤ ੧੬੧੧ ਵਿਚ ਮੁਲਕ ਮਾਰਵਾੜ ਤੋਂ ਇਸ ਦੇਸ ਵਿਚ ਸਿਪਾਹੀ ਅਫਸਰ, ਅਰ ਕੰਮ ਸਰੀਰ ਵਗੈਰਾ ਲੈ ਕਰ ਪੰਜਾਬ ਦੀ ਚੜ੍ਹਾਈ ਕੀਤੀ, ਅਰ ਕਾਬਲ ਤਕ ਪਹੁੰਚੇ। ਕਾਲ ਪਾਕੇ ਰਾਜਾ ਮਾਨ ਸਿੰਘ ਜੀ ਇਸੀ ਮੁਲਕ ਵਿੱਚ ਕਾਲ ਵਸ ਹੋ ਗਏ, ਅਰ ਦੁਸਮਨਾਂ ਨੇ ਉਹ ਭੀ ਸਭ ਸਿਪਾਹੀ ਅਰ ਨੌਕਰ ਚਾਕਰ ਮਾਰ ਕੁੱਟ ਕੇ ਤਿਤਰ ਬਿਤਰ ਕਰ ਦਿਤੇ। ਇਹ ਸਿਪਾਹੀ ਰਾਜਪੂਤ, ਦੁਸ਼ਮਨਾਂ ਤੋਂ ਡਰਦੇ ਜੰਗਲਾਂ ਅਰ ਬੇਲਿਆਂ ਵਿਚ ਛਪਕੇ ਆਪਣੀ ਉਪ ਜੀਵਕਾ ਮਾਨਤਾ ਮਜੂਰੀ ਕਰਦੇ ਰਹੇ। ਅਰ ਛੁਪ ਲੁਕ ਕੇ ਦਿਨ ਟਪਾਉਂਦੇ ਰਹੇ। ਸਣੇ ਸਣੇ ਰਾਜ ਮੁਗਲਾਂ ਦਾ ਖਾਟਾ ਹੁੰਦਾ ਗਿਆ ਇਹ ਵਿਚਾਰੇ ਰੁਲੇ ਖੁਲੇ ਹਾਲ ਵਿਚ ਹਰ ਪ੍ਰਕਾਰ ਦੀ ਮਜੂਰੀ ਖੇਤੀ ਵਾੜੀ ਵਾਹੀ ਜੋਤੀ ਕਰਕੇ ਇਸੇ ਮੁਲਕ ਵਿੱਚ ਰਿਹਾਇਸ਼ ਕਰਕੇ ਘਰ ਬਣਾ ਬੈਠੇ। ਉਸ ਦਿਨ ਤੋਂ ਅਜ ਤਕ ਇਹ ਸਭ ਕੌਮਾਂ ਪੂਰਨ ਸਿੰਘ ਬ੍ਰਾਹਮਣ ਭੱਟ ਅਲਮਰੂਫ ਕਾਪੜੀ ਵਾਸੀ ਜ਼ਿਲਾ ਕਰਨਾਲ ਅਰ ਉਸਦੀ ਔਲਾਦ ਤੋਂ ਛੱਜੂ ਸਿਘ ਅਰ ਉਸ ਦੇ ਬਾਦ ਉਸਦੇ ਪੁਤਰ ਸੰਗਰਾਮ ਸਿੰਘ ਔਰ ਧਨੀ ਸਿੰਘ*

---

* ਧਨੀ ਸਿੰਘ ਸੰਤ ਸਿੰਘ ਦੇ ਪਿਤਾ ਦਾ ਨਾਮ ਸੀ। ਪੰਜਾ ਕੁਵਰੇ ਦੀ ਉਮਰ ਸੰਤ ਸਿੰਘ ਦੀ ਹੈ ਤੇ ਇਤਨਾ ਕੁ ਅਰਸਾ ਪਹਲਾ ਉਸਦੇ ਦਾਦੇ ਵੇਲੇ ਦਾ ਇਸ ਐਲਾਨ ਦੇ ਹੋਣ ਵਿੱਚ ਕੋਈ ਸ਼ੱਕ ਨਹੀਂ ਹੋ ਸਕਦਾ।

Digitized by Panjab Digital Library | www.panjabdigilib.org

ਨੂੰ ਆਪਣੀ ਕੁਲ ਦਾ ਕਾਪੜੀ ਜਾਣਕੇ ਉਸਨੂੰ ਸਾਰੀ ਬਰਾਦਰੀ ਇਕ ਇਕ ਰੁਪਇਆ ਵਿਵਾਹ ਲੜਕੇ ਦਾ ਅਰ ਇਕ ਇਕ ਰੁਪਇਆ ਜਾਮੇ ਦਾ (ਪੁਤਰ ਜੰਮਣੇ ਦਾ) ਅਰ ਇਕ ਰੁਪਇਆ ਥਾਨ, ਪੱਤੀ, ਪਿੰਡ ਦੇ ਨੰਬਰਦਾਰ ਚਾਦਰ ਕਰੇਵੇ ਦਾ ਦਿੰਦੇ ਹਨ ਅਰ ਅਜ ਤਕ ਦਿਤਾ ਕਰਦੇ ਹਨ।

ਇਸ ਲਿਖਤ ਵਿਚ ਦਾਨ ਦੀ ਰਸਮ ਦਾ ਇਕ ਇਕ ਰੁਪਏ ਤੇ ਆ ਜਾਣਾ ਪੰਜਾਬ ਦੇ ਭੱਟ ਹੀ ਝੱਲ ਸਕਦੇ ਹਨ ਨਹੀਂ ਰਾਜਪੂਤਾਨੇ ਦੇ ਭੱਟਾਂ ਨੂੰ ਤਾਂ ਭਾਵੇਂ ਜਜਮਾਨਾ ਦੇ ਚੰਮ ਲਾਹ ਕੇ ਹੀ ਨਾ ਵੇਚਣੇ ਪੈਂਦੇ ਉਨ੍ਹਾਂ ਨੇ ਦਨ ਨਹੀਂ ਘਟਾਉਣਾ ਸੀ।

ਕਿਰਸਿੰਧੂ ਦੇ ਭੱਟਾਂ ਨੇ ਆਪਣੇ ਜਜਮਾਨਾਂ ਨੂੰ ਦਾਮ ਦੀਆਂ ਛੋਟਾਂ ਬੜੀ ਜੁਗਤੀ ਨਾਲ ਦਿਤੀਆਂ ਸਨ। ਲੋਕਾਂ ਸਾਹਮਣੇ ਅਤੇ ਆਪਣੀਆਂ ਵਹੀਆਂ ਵਿਚ ਤਾਂ ਇਹ ਹਾਥੀ ਘੋੜੇ ਊਠਾਂ ਕੰਗਣਾਂ ਦੇ ਦਾਨ ਦਸਦੇ ਤੇ ਲਿਖਦੇ ਸਨ, ਪਰ ਲੈਣ ਵੇਲੇ ਇਨ੍ਹਾਂ ਚੀਜ਼ਾਂ ਦੇ ਮਕਰਰ ਕੀਤੇ ਰੁਪਏ ਲੈ ਕੇ ਹੀ ਕੰਮ ਸਾਰ ਲੈਂਦੇ ਸਨ। ਦਾਨ ਵਿੱਚ ਲਈਆਂ ਜਾਣ ਵਾਲੀਆਂ ਚੀਜ਼ਾ ਦੇ 'ਪੁੰਨ ਦੀ ਗਊ ਦੇ ਦੰਦ ਕੌਣ ਦੇਖਦਾ ਹੈ' ਦੇ ਅਖਾਣ ਮੁਤਾਬਕ ਭਾਵੇਂ ਇਹ ਕੀਮਤਾਂ ਦਾਨ ਵਸੂਲ ਕਰਨ ਲਈ ਬਹਾਨੇ ਮਾਤਰ ਹੀ ਰੱਖੀਆਂ ਸਨ ਪਰ ਇਨ੍ਹਾਂ ਤੋਂ ਇਹ ਭੀ ਸੰਭਵ ਹੋ ਸਕਦਾ ਹੈ ਕਿ ਜਿਸ ਵੇਲੇ ਇਹ ਕੀਮਤਾਂ ਮਕੱਰਰ ਹੋਈਆਂ ਸਨ ਉਸ ਵੇਲੇ ਹਾਥੀ ਘੋੜਿਆਂ ਦੀ ਏਹੋ ਕੀਮਤ ਹੋਵੇ ਜੋ ਰੁਪਏ ਦੇ ਸਸਤੇ ਹੋ ਜਾਣ ਕਾਰਨ ਵਧ ਗਈ ਹੈ।

ਹਾਥੀ ਦਾ ਦਾਨ ਲਿਖਾਉਣ ਵਾਲੇ ਤੋਂ ੩੫੬, ਘੋੜੇ ਦੇ ੩੬, ਕੰਗਣ ਦੇ ੨੪ ਰੁਪਏ ਦਾਨ ਲੈਂਦੇ ਸਨ। ਜੇ ਕਿਸੇ ਨੇ ਪੁਤਰ ਦਾਨ ਲਖਾਉਣ ਹੋਵੇ ਤਾਂ ੧੧ ਹਜ਼ਾਰ ਪੰਜ ਸੌ ਰੁਪਇਆ ਜਾਂ ਦੋ ਵਾਰ ਪੁਤਰ ਬਰਾਬਰ ਚਾਂਦੀ ਤੁਲਵਾਕੇ ਲਈ ਜਾਂਦੀ ਸੀ। ਇਕ ਲੱਖ ਦਾ ਦਾਨ ਦੇਣ ਵਾਲੇ ਤੋਂ ੧੧,੦੦੦ (ਗਿਆਰਾਂ ਹਜ਼ਾਰ) ਨਕਦ ਰੁਪਇਆ ਧੰਨਵਾਦ ਸਹਿੱਤ ਵਸੂਲ ਕਰਕੇ ਵਹੀ ਵਿਚ ੧ ਲਖ ਦਰਜ ਕਰ ਦਿਤਾ ਜਾਂਦਾ ਸੀ। ਹੁਣ ਜਦ ਦੀਆਂ ਮੋਟਰਾਂ ਚਲੀਆਂ ਹਨ ਜੇ ਕਿਸੇ ਜਜਮਾਨ ਦੇ ਭੱਟਾਂ ਨੂੰ ਮੋਟਰ ਬਖਸ਼ਣੀ ਹੋਵੇ ਤਾਂ ਉਸ ਲਈ ੯੦੦ ਰੁਪਏ ਦੀ ਰਕਮ ਮਕੱਰਰ ਕਰ ਦਿਤੀ ਹੈ।

---

* ਸੰਤ ਸਿੰਘ ਭਟ ਦੀ ਵਹੀ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਜਦੋਂ ਕੁਰਛੇਤਰ ਗਏ, ਤਾਂ ਉਨ੍ਹਾਂ ਦੇ ਨਾਲ ਮਨੀ ਸਿੰਘ ਦਾ ਸੂਰਮਾ ਪੁਤਰ ਬਚਿਤਰ ਸਿੰਘ ਭੀ ਸੀ। ਭਟਾਂ ਨੂੰ ਪਤਾ ਲਗਣ ਤੋਂ ਉਨ੍ਹਾਂ ਬਚਿਤਰ ਸਿੰਘ ਨੂੰ ਆ ਘੇਰਿਆ ਕਿ ਤੂੰ ਸਾਡਾ ਜਜਮਾਨ ਹੈ ਅਸੀਂ ਤੇਰੇ ਪਰੋਹਤ ਹਾਂ ਦਾਤਾ

( ਬਾਕੀ ਦੇਖੋ ਸਫ਼ਾ ੬੦ ਤੇ )



Digitized by Panjab Digital Library | www.panjabdigilib.org

## ਭੱਟਾਂ ਦੀਆਂ ਵਹੀਆਂ

ਭੱਟਾਂ ਦਾ ਬਿਆਨ ਹੈ ਕਿ ਪਹਲਾਂ ਸਪਤ ਸਿੰਧੂ ਸੱਤਾਂ ਦਰਿਆਵਾਂ ਦੇ ਕੰਢਿਆਂ ਉੱਤੇ ਜੋ ਲੋਕ ਵਸਦੇ ਸਨ, ਉਹ ਆਪਣੇ ਆਪਣੇ ਰਿਸ਼ੀਆਂ ਨੂੰ ਪੂਜਨੀਕ ਮੰਨਦੇ ਸਨ, ਉਨ੍ਹਾਂ ਸੱਤਾਂ ਰਿਸ਼ੀਆਂ ਦੇ ਮੰਨਣ ਵਾਲਿਆਂ ਦੀਆਂ ਪਹਲਾਂ ਸੱਤ ਮੂੰਹੀਆਂ ਬਣੀਆਂ ਫੇਰ ਅਗੋਂ ਹੋਣ ਵਾਲੇ ਰਿਸ਼ੀਆਂ ਤੇ ਆਪਣੇ ਵੱਡਿਆਂ ਦੇ ਨਾਵਾਂ ਤੇ ਗੋਤ ਤੇ ਜਾਤਾਂ ਬਣਦੀਆਂ ਗਈਆਂ। ਪਹਲੇ ਸਤ ਰਿਸ਼ੀ ਜਿਨ੍ਹਾਂ ਦੇ ਨਾਵਾ ਤੇ ਮੂੰਹੀਆ ਬਣੀਆਂ, ਇਕ ਸਲੋਕ ਵਿੱਚ ਇਸ ਤਰ੍ਹਾਂ ਦਸੇ ਗਏ ਹਨ :

ਗੋਤਮੋ, ਅਤ੍ਰਿ, ਭਾਰਦ੍ਵਾਜੋ, ਜਮਦਗਨਿਸਤ੍ਰ, ਕਸਪਾਹੇ।
ਵਿਸਵਾਮਿਤਰੋ ਵਸ਼ਿਸ਼ਟ ਸਚ ਮਹਾ ਪੁੰਨ ਪੁੰਨੰਜ ਅਰੁੰਧਤੇ।

(ਭੱਟ ਵਹੀ ਕਿਰਸਿੰਧੂ ਪੱਤਰਾ ੫)

ਇਨ੍ਹਾਂ ਰਿਸ਼ੀਆਂ ਦੇ ਸ਼ਿਸ਼ ਭਾਵੇਂ ਕੋਈ ਕੰਮ ਕਰਦੇ ਜਾਂ ਕਿਸੇ ਵਰਣ ਦੇ ਸਨ, ਜਿਸ ਜਿਸ ਰਿਸ਼ੀ ਦੀ ਸੰਗਤ ਵਿੱਚ ਸ਼ਾਮਿਲ ਹੋਏ ਸਮਝੋ ਉਹੋ ਉਨ੍ਹਾਂ ਦੀ ਸੰਪ੍ਰਦਾਇ ਵਿੱਚ ਰਲ ਗਏ। ਇਹੋ ਕਾਰਣ ਹੈ ਕਈ ਵਰਣਾਂ ਦੇ ਲੋਕਾਂ ਵਿੱਚ ਬਹੁਤ ਵਾਰੀ ਗੋਤ ਇਕੋ ਹੁੰਦਾ ਹੈ, ਜਿਵੇਂ ਗੌਤਮ ਬ੍ਰਾਹਮਣ ਭੀ ਹਨ ਤੇ ਰਾਠੌਰ ਵੀ, ਪੰਵਾਰ (ਪੰਮਾਰ) ਬ੍ਰਾਹਮਣ ਭੀ ਤੇ ਰਾਜਪੂਤ ਭੀ ਹਨ। ਇਸ ਤਰ੍ਹਾਂ ਭੱਟਾਂ ਦੀਆਂ ਹਰ ਗੋਤ ਦੀਆਂ ਵਖੋ ਵੱਖਰੀਆ ਵਹੀਆਂ ਹਨ, ਜਜਮਾਨਾਂ ਦੇ ਦੂਰ ਮਾਰਵਾੜ ਉਜੈਨ ਤਕ ਫੈਲੇ ਹੋਣ ਕਾਰਨ, ਆਪਸ ਵਿੱਚ ਭੱਟਾਂ ਨੇ ਪਿਛੋਂ ਜਜਮਾਨਾ ਦੇ ਵੰਡ ਵੰਡਈਏ ਕਾਰਣ ਕੁਝ ਵਹੀਆਂ ਇਲਾਕਿਆਂ ਦੇ ਵਾਸੀਆਂ ਨੂੰ ਮੁਖ ਰੱਖ ਕੇ ਭੀ ਬਣਾ ਲਈਆਂ ਹਨ ਪਰ

---

( ਸਫ਼ਾ ਪ੯ ਦੀ ਬਾਕੀ )

ਦਾਨ ਦੇਹ।' ਬਚਿਤਰ ਸਿੰਘ ਨੇ ਜਵਾਬ ਦਿਤਾ ਕਿ ਮੈਂ ਤਾਂ ਬਰਾਦਰੀ ਤੋਂ ਬਹਾਰ ਹੋ ਗਇਆ ਹਾਂ ਹੁਣ ਮੈਂ ਕੀ ਦੇਵਾਂ ? ਭਟਾਂ ਨੇ ਕਹਿਆ ਅਸਾਡਾ ਤਾਂ ਤੂੰ ਜਜਮਾਨ ਹੀ ਹੈਂ, ਭਾਵੇਂ ਕੁਛ ਬਣ ਜਾਹ ਅਸਾਂ ਤਾਂ ਦਾਨ ਜ਼ਰੂਰ ਲੈਣਾ ਹੈ

ਬਚਿਤਰ ਸਿੰਘ ਨੇ ਕਹਿਆ ਕਿ ਮੇਰੇ ਕੋਲ ਕੀ ਹੈ ਗੁਰੂ ਜੀ ਕੋਲ ਚਲੋ ਉਨ੍ਹਾਂ ਤੋਂ ਲੈ ਕੇ ਦਿੰਦਾ ਹਾਂ ਗੁਰੂ ਗੋਬਿੰਦ ਸਿੰਘ ਨੇ ਭਟਾਂ ਨੂੰ ਕਹਿਆ ਕਿ ਅਸੀਂ ਸਿੱਖ, ਸਿਖਾਂ ਬਿਨਾਂ ਕਿਸੇ ਨੂੰ ਦਾਨ ਨਹੀਂ ਦੇਂਦੇ। ਤੁਸੀ ਸਿਖ ਬਣ ਜਾਵੋ ਦਾਨ ਮਿਲ ਜਾਵੇਗਾ। ਗੁਰੂ ਜੀ ਦੇ ਉਪਦੇਸ਼ ਕਾਰਣ ਹਰੀ ਸਿੰਘ, ਤਾਰਾ ਸਿੰਘ ਆਦਿ ਭਟ ਸਿੰਘ ਸਜ ਗਏ। ਤੇ ਬਚਿਤਰ ਸਿੰਘ ਵਲੋਂ ਗੁਰੂ ਜੀ ਨੇ ਇਨਾਂ ਨੂੰ ਖੁਲਾ ਦਾਨ ਤੇ ਹਾਥੀ ਦਿਤਾ। ਨਾਲ ਹੀ ਵਚਨ ਲਇਆ ਕਿ ਜਿਤਨਾ ਚਿਰ ਪੰਜਾ ਪੰਜਾ ਜਜਮਾਨਾਂ ਨੂੰ ਸਿਖੀ ਦਾ ਉਪਦੇਸ਼ ਨਾ ਦੇ ਲਵੋ ਰੋਟੀ ਨਹੀਂ ਖਾਣੀ। ਇਸ ਪਿਛੋਂ ਭਟਾਂ ਨੇ ਇਕ ਤਰ੍ਹਾਂ ਸਿਖ ਪ੍ਰਚਾਰਕਾਂ ਵਾਲਾ ਹੀ ਵਤੀਰਾ ਧਾਰਨ ਕਰ ਰਖਿਆ ਸੀ। ਇਸ ਤਰ੍ਹਾਂ ਸਿਖੀ ਪ੍ਰਚਾਰ ਕਰਦਿਆਂ ਨੂੰ ਕਈ ਵਾਰ ਕਰੜੇ ਡੰਡ ਭੀ ਭੁਕਤਣੇ ਪਏ। ੯ ਕਤਕ ਸੰਮਤ ਸਤਾਰਾ ਸੌ ਅਠਾਹਟ ਨੂੰ ੭ ਭਟ, ਮੁਲਤਾਨ ਲਾਗਿਓਂ ਫੜਕੇ ਇਸੇ ਦੋਸ਼ ਵਿਚ ਕਤਲ ਕਰ ਦਿਤੇ ਗਏ ਸਨ।



Digitized by Panjab Digital Library | www.panjabdigilib.org

ਪਹਲੀਆਂ ਵਹੀਆਂ ਸੱਤ ਹੀ ਸਨ ਜਿਨ੍ਹਾਂ ਵਿੱਚ ਉਸ ਗੋਤ ਦੀ ਮੁਢਲੀ ਪ੍ਰਣਾਲੀ ਤੇ ਬੰਸਾਵਲੀ ਦਰਜ ਕੀਤੀ ਜਾਂਦੀ ਸੀ। ਇਹ ਵਹੀਆਂ ਜਿਉਂ ਜਿਉਂ ਪੁਰਾਣੀਆਂ ਹੁੰਦੀਅੀ ਗਈਆਂ, ਘਰਾਂ ਵਿੱਚ ਰਖਦੇ ਗਏ ਕੁਝ ਖਾਨਦਾਨ ਦੇ ਵੱਡੇ ਮੋਢੀ ਕੋਲੋਂ ਦੂਜਿਆਂ ਨੂੰ ਜਜਮਾਨਾਂ ਦੀ ਵੰਡ ਅਨੁਸਾਰ ਓਨਿਆਂ ਕੁ ਜੇਜਮਾਨਾਂ ਦੀ ਨਕਲ ਕਰਾ ਕੇ ਅਸਲ ਵਹੀ ਵੱਡੇ ਆਦਮੀ ਦੀ ਆਪਣੇ ਪਾਸ ਸੰਭਾਲ ਰਖਦੇ ਸਨ। ਜਿਸ ਕਰਕੇ ਕੁਝ ਪੁਰਾਤਨ ਵਹੀਆਂ ਸੁਰਖਸ਼ਤ ਹਨ। ਇਕ ਵਹੀ ਦਾ ਵਜ਼ਨ ਤਕਰੀਬਨ ੧੦-੧੨ ਸੇਰ ਪੱਕਾ ਹੁੰਦਾ ਹੈ। ਵਹੀਆਂ ਦੀਆਂ ਜਿਲਦਾਂ ਚਮੜੇ ਨਾਲ ਪੱਕੇ ਗੱਤਿਆਂ ਨਾਲ ਪੜ੍ਹ ਕੇ ਬੜੀ ਚੰਗੀ ਤਰ੍ਹਾਂ ਬੰਨ੍ਹੀਆਂ ਹੋਈਆਂ ਹਨ। ਕਾਗਜ਼ ਪੁਰਾਣੇ ਜ਼ਮਾਨੇ ਦੀਆਂ ਵਹੀਆਂ ਵਾਲਾ ਘੋਟਵਾਂ ਤੇ ਮੋਮੀ ਹੈ। ਲਿਖਤ ਸਾਰੀ ਭਟਾਖਰੀ ਵਿੱਚ ਹੈ ਜਿਸ ਨੂੰ ਲੰਡਿਆਂ ਵਾਂਗ ਲਗਾਂ ਨਾ ਹੋਣ ਕਰ ਕੇ ਲਿਖਣ ਵਾਲਾ ਖੁਦ ਜਾਂ ਉਨ੍ਹਾਂ ਤੋਂ ਪੜ੍ਹਿਆ ਹੀ ਵਾਚ ਸਕਦਾ ਹੈ ਨਹੀਂ ਤਾਂ ਕਾਕਾ ਅਜਮੇਰ ਗਇਆ, 'ਕਾਕਾ ਅਜ ਮਰ ਗਇਆ' ਦੀ ਲੋਕੋਕਤੀ ਵਾਲੀ ਗੱਲ ਬਣ ਜਾਣ ਦੇ ਖਤਰੇ ਵਿਆਪਦੇ ਰਹਿੰਦੇ ਹਨ।

ਭੱਟ ਮਾਨ ਸਿੰਘ ਕਿਰਸਿੰਧੂ ਵਾਲੇ ਦੀ ਵਹੀ ਦਾ ਮੁੱਢ ਸੂਰਜ ਵੰਸੀ ਗੋਤਮ ਗੋਤਰੇ ਰਾਠੌਰਾਂ ਤੋਂ ਹੁੰਦਾ ਹੈ। ਭੱਟ ਵਹੀ ਤਲਉਢਾ ਦਾ ਆਰੰਭ 'ਚੰਦਰ ਬੀਬੀ ਭਾਰਦਵਾਜੀ ਗੋਤਰੇ ਪੰਵਾਰਾ ਤੋਂ ਵਖੋ ਵਖਰਿਆਂ ਇਲਾਕਿਆ ਵਿਚ ਵਸੇ ਜਜਮਾਨਾਂ ਦੇ ਅਧਾਰ ਤੇ ਵਖੋਂ ਵਖਰੀਆਂ ਵਹੀਆਂ — ਵਹੀ ਮੁਲਤਾਨੀ ਸਿੰਧੀ, ਵਹੀ ਜਾਦੋਂ ਬੰਸੀ ਬੜ੍ਹਤੀਆਂ ਕੀ, ਵਹੀ ਪੰਜਾਬੀ ਮੋਹਰਾਂ ਵਾਲੀ ਆਦਿ ਬਣਾਈਆਂ ਹੋਈਆਂ ਹਨ। ਹਰ ਵਹੀ ਦੇ ਆਰੰਭ ਵਿੱਚ ਸ੍ਰੀ ਗਨੇਸ਼ਇਨਮੁ: ਕੌਸ਼ਸ਼ ਗੋਤਰੇ ਗੌੜ ਬ੍ਰਹਮਣ, ਨਦੀ ਸਰਸਵਤੀ ਜਿਥੇ ਦੇ ਭਟ ਵਸਿੰਦੇ ਹਨ ਉਹ ਲਿਖ ਕੇ ਵਹੀ ਦਾ ਅਰੰਭ ਭੱਟਾਂ ਦੀ ਬੰਸਾਵਲੀ ਤੋਂ ਹੋ ਜਾਂਦਾ ਹੈ। ਭੱਟਾਂ ਦੀ ਬੰਸਾਵਲੀ ਜਿਵੇਂ ਕਿ ਵਹੀ ਦੇ ਅਰੰਭ ਵਿਚ ਕੌਸ਼ਸ਼ ਰਿਸ਼ੀ ਤੋਂ ਆਰੰਭ ਦਸਿਆ ਹੈ ਇਸ ਰਿਸ਼ੀ ਜਾਂ ਉਸਦੇ ਪੁਤ ਪੋਤਰਿਆਂ ਤੋਂ ਨਹੀਂ ਗੁਰੂ ਸਾਹਬਾਂ ਦੇ ਭੱਟ ਭਿਖਾ ਆਦਿ ਤੋਂ ਕੇਵਲ ਪੰਜ ਛੇ ਪੀਹੜੀਆਂ ਪਹਲਾਂ ਦੇ ਭਗੀਰਥ ਤੋਂ ਹੀ ਸ਼ੁਰੂ ਹੋ ਜਾਂਦੀ ਹੈ। ਅਗੇ ਜਿਵੇਂ ਕਿ ਚਾਹੀਦਾ ਹੈ ਭੱਟਾਂ ਦੀ ਬੰਸਾਵਲੀ, ਉਸ ਸਮੇਂ ਦੇ ਭੱਟ ਤਕ ਜੋ ਲਿਖ ਰਹਿਆ ਹੁੰਦਾ ਹੈ ਆ ਜਾਂਦੀ ਹੈ।

ਇਸ ਪਿਛੋਂ ਵਖੋ ਵਖਰੀਆਂ ਵਹੀਆਂ ਵਿੱਚ ਵਖੋ ਵਖਰੇਆਂ ਗੋਤਾਂ ਤੇ ਕੁਲਾਂ ਦੀਆਂ ਬੰਸਾਵਲੀਆਂ ਹਨ। ਚੰਦਰ ਬੰਸੀ ਭਾਰਦਵਾਜੀ ਗੋਤਰਿਆਂ ਦੀ ਬੰਸਾਵਲੀ ਰਾਜਾ ਮਾਘ ਤੋਂ ਅਰਭ ਹੋ ਕੇ ਰਾਜਾ ਬੀਂਝਾ ਪੰਵਾਰ ਤੇ ਫਿਰ



Digitized by Panjab Digital Library | www.panjabdigilib.org

ਅਗੇ ਰਾਉ ਲੱਦੀਏ ਦੇ ਤੇਰਾਂ ਪੁਤਾਂ ਦੀਆਂ ਤੇਰਾਂ ਕੁਲਾਂ ਬਣ ਜਾਣ ਤੇ ਚਲਦੀ ਹੈ। ਭੱਟ ਵਹੀਆਂ ਵਿਚੋਂ ਇਕ ਇਤਿਹਾਸਕ ਸਰਵੇਖਣ ਲਈ ਪੰਜਾਬ ਸਰਕਾਰ ਦੇ ਰੀਕਾਰਡ ਆਫਸ ਵਾਲਿਆਂ ਕੋਲ ਭੇਜੀ ਗਈ ਸੀ ਉਨ੍ਹਾਂ ਨੇ ਮਾਨ ਸਿੰਘ ਭੱਟ ਵਾਲੀ ਵਹੀ ਦਾ ਸਰਵੇਖਣ ਕਰਕੇ ਪੰਜਾਬ ਸਰਕਾਰ ਨੂੰ ਰਪੋਰਟ ਕੀਤੀ ਹੈ (ਜਿਸਦੀ ਇੱਕ ਕਾਪੀ ਮੈਨੂੰ ਭੀ ਭੇਜੀ ਹੈ) ਉਸ ਵਿਚ ਲਿਖਿਆ ਹੈ ਕਿ ਇਨ੍ਹਾਂ ਵਹੀਆਂ ਵਿਚ ਅਜ ਤੋਂ ਦੋ ਦੋ ਹਜ਼ਾਰ ਅੜੇ ੧੨੮੦ ਵਰ੍ਹੇ ਪਹਲਾਂ ਦੀਆਂ ਅਖੀਂ ਡਿਠੀਆਂ ਤੇ ਕੰਨੀ ਸੁਣੀਆਂ ਲਿਖਤਾਂ ਹਨ।* ਵਧਾਈਆਂ ਲੈਣ ਵੇਲੇ ਲਿਖੇ ਗਏ ਕਈ ਨੋਟ, ਕਈ ਸ਼ਹਰਾਂ ਦੇ ਵਸਣ ਵੇਲੇ ਦੇ ਵਰਣਨ ਇਤਨੇ ਦੁਰਲੱਭ ਹਨ ਕਿ ਉਹ ਹੋਰ ਕਿਧਰੇ ਪ੍ਰਾਪਤ ਨਹੀਂ ਹੋ ਸਕਦੇ। ਜਿਵੇਂ ਭੱਟ ਵਹੀ ਕਿਰਸਿੰਧੂ ਵਿਚ ਲਿਖਿਆ ਹੋਇਆ ਹੈ—

"ਰਾਜਾ ਅਜਰਾਜ ਪੁਤਰ ਵਾਸਦੇਵ ਨੇ ਭਾਦਵ ਸੁਦੀ ਛਟ ਸਾਲ ੨੦੨ ਬਿਕਰਮੀ ਵਿਚ ਸਾਂਭਰ ਸੇ ਆ ਕਰ ਅਜਮੇਰ ਵਸਾਇਆ।"

ਇਸ ਤਰ੍ਹਾਂ ਗੁੱਗੇ ਚੋਹਾਣ ਬਾਰੇ ਲੇਖ ਹੈ :—

ਸ੍ਰੀ ਗੁਵਕ ਗੁਗਾ ਜੀ ਦੀ ਉਤਪਤੀ ਭਾਦਵ ਵਦੀ ਨੌਵੀਂ, ਸਾਲ ੪੧੭ ਰਾਣੀ ਸਮਿਤ੍ਰੀ ਬਾਈ ਨਾਗੀ ਦੇ ਉਦਰ ਸੇ ਹੂਈ। ਨਾਨੇ ਨੇ ਗੋਦ ਲਇਆ। ਰਾਜਾ ਪ੍ਰਿਥਵੀ ਰਾਜ ਬਾਰੇ ਲਿਖਿਆ ਹੈ—

"ਰਾਜਾ ਪ੍ਰਿਥਵੀ ਰਾਜ ਦੀ ਉਤਪਤੀ ਜੇਠ ਸੁਦੀ ਇਕਾਦਸੀ ਸਾਲ ਬਾਰਾ ਸੈ ਪਾਂਚ ਰਾਣੀ ਕਮਲਾਵੰਤੀ ਅਨੰਗਨੀ ਦੇ ਉਦਰ ਸੇ ਹੋਈ। ਨਾਨੇ ਅਨੰਗ ਪਾਲ ਨੇ ਗੋਦ ਲਇਆ।"

ਪ੍ਰਿਥਵੀ ਰਾਜ ਦੇ ਜਨਮ-ਵਿਰਤਾਂਤ ਲਿਖਣ ਪਿਛੋਂ ਇੱਕ ਦੋਹਾ ਦਿੱਤਾ ਹੋਇਆ ਹੈ-

ਪਹਲਾਂ ਦਿਲੀ ਤੂਰ ਦੀ ਪਾਛੇ ਚੋਹਾਣਾ।
ਮਾਮੇ ਪੀਛੇ ਭਾਣਜੇ ਲੀਨੀ ਧਕ ਕਾਣਾ।

ਇਸ ਇਕੱਲੇ ਦੋਹੇ ਵਿੱਚ ਇਤਿਹਾਸ ਦਾ ਕਿੰਨਾ ਦਫਤਰ ਭਰਿਆ ਪਇਆ ਹੈ? ਇਨ੍ਹਾਂ ਵਹੀਆਂ ਵਿੱਚ ਭੱਟਾਂ ਨੂੰ ਸਮੇਂ ਸਮੇਂ ਮਿਲੇ ਦਾਨ ਖਾਸ ਤੌਰ ਤੇ ਤਾਰੀਖਾਂ ਆਦਿ ਦੇ ਵੇਰਵਿਆਂ ਨਾਲ ਜਿਵੇਂ ਲੇਖ ਦਿਤੇ ਗਏ ਹਨ, ਉਨ੍ਹਾਂ ਵਿੱਚ ਬੰਝਰਾਉਤ ਮੂੰਹੀ ਦੇ ਪੰਵਾਰਾ ਬਾਰੇ ਲਿਖੇ ਨੋਟ ਦੇਂਦੇ ਹਾਂ, ਜਿਸ ਤੋਂ ਭੱਟਾਂ ਦੇ ਲਏ ਵਸੂਲੇ ਦਾਨ ਦੇ ਲਿਖਣ ਦੇ ਢੰਗ ਅਤੇ ਇਤਿਹਾਸ ਮਹੱਤਤਾ ਦਾ ਪਤਾ ਚਲਦਾ ਹੈ :—

* ਪੰਜਾਬ ਸਰਕਾਰ ਵਲੋਂ ਇੰਨ੍ਹਾਂ ਵਹੀਆਂ ਦੀਆਂ ਫੋਟੋ ਕਰਾ ਕੇ ਨਾਲ ਹੀ ਉਲਥੇ ਕਰਵਾਕੇ ਰਖਵਾਉਣ ਦੀ ਕੋਸ਼ਸ ਹੋ ਰਹੀ ਹੈ।



Digitized by Panjab Digital Library | www.panjabdigilib.org

( ੳ )

ਰਾਦਾ ਬੇਟਾਂ ਮਾਲਾ ਕਾ, ਪੋਤਾਂ ਜਗਨਾ ਕਾ, ਪੜਪੋਤਾ ਬੀਂਝੇ ਕਾ, ਚੰਦਰ ਬੰਸੀ ਭਾਰਦ੍ਵਾਜੀ ਗੋਤਰਾ ਪੰਵਾਰ ਬੰਸ ਮਘਕਾ, ਮੁਝਾਨੇ, ਭੋਜਾਨੇ ਖ਼ਾਨ ਦੇਸ ਵਾਲੇ ਵਾਸੀ ਨਾਹਨ ਪ੍ਰਗਨਾ ਸਿਰਮੌਰ, ਵਧਾਈ ਦੀ ਏਟਾ ਲਖਮਨ ਦੀ ਨਾਹਨ ਕੇ ਮਲਿਹਾਨ । ਏਕ ਘੋਰੋ ਦਾਨ ਕੀਆ ਫਲਗੁਨ ਬਦੀ ਇਕਾਦਸੀ ਸੰਬਤ ੧੫੯੦ ਕੋ ਕੁਲ ਪਰੋਹਤ 'ਬਨਵਾਰੀ' ਕੋ ਮਾਨਾ । ੧ ।

( ਅ )

ਜਲਾ ਬੇਟਾ ਲਖਮਨ ਕਾ, ਪੋਤਾ ਰਾਦਾ ਕਾ, ਪੜਪੋਤਾ ਮਾਲਾ ਕਾ, ਚੰਦਰ ਬੰਸੀ ਭਾਰਦ੍ਵਾਜੀ, ਗੋਤਰਾ ਪੰਵਾਰ ਬੰਸ ਮਘਕਾ ਮੁਝਾਨੇ ਭਜਾਨੇ ਖਾਨ ਦੇਸ ਵਾਲੇ, ਵਾਸੀ ਨਾਹਨ ਪ੍ਰਗਣਾ ਸਿਰਮੌਰ ਮਿਤੀ ਅਸਾੜ ਸੁਦੀ ਪੰਚਮੀ, ਸੰਬਤ ੧੫੩੯ ਵਧਾਈ ਕੀ ਬੇਟਾ ਹਾਫਾ ਕੀ ਏਕ ਘੋਰੋ ਦਾਨ ਕੀਆ ਧਰਮ ਭੂਮੀ ਕੁਰਛੇਤਰ ਕੇ ਮਲਹਾਨ ਕੁਲ ਪਰੋਹਤ ਹਰਜੀ ਕੋ ਮਾਨਾ । ੨ ।

( ੲ )

ਵਧਾਈ ਦੀ ਰਾਊ ਕੀ ਬੇਟਾ ਚਾਹੜ ਕਾ, ਪੋਤਾ ਹਾਫਾ ਕਾ, ਪੜਪੋਤਾ ਜਲਾ ਕਾ, ਚੰਦ੍ਰਬੰਸੀ ਭਾਰਦ੍ਵਾਜੀ ਗੋਤਰਾ ਪੰਵਾਰ ਮਝਾਨੇ ਭੋਜਾਨੇ ਬੰਸ ਬੀਂਝੇ ਕਾ, ਮਿਤੀ ਅਸਾਢ ਵਦੀ ਇਕਾਦਸ਼ੀ ਸੰਬਤ ੧੫੮੨ ਨਾਹਨ ਕੇ ਮਲਹਾਨ ਦੇਸ਼ ਸਿਰਮੌਰ ਮੇਂ ਏਕ ਘੋਰੋ ਦਾਨ ਦੀਆ । ਕੁਲ ਪਰੋਹਤ ਨਰਸੀ ਕੋ ਮਾਨਾ ।

( ਸ )

ਵਧਾਈ ਲੀ ਮੂਲੇ ਕੀ ਬੇਟਾ ਰਾਊ ਕਾ ਪੋਤਾ ਚਾਹੜ ਕਾ ਪੜਪੋਤਾ ਹਾਫਾ ਕਾ ਚੰਦਰ ਬੰਸੀ ਭਾਰਦ੍ਵਾਜੀ ਗੋਤਰਾ ਪੰਵਾਰ ਬੰਸ ਬੀਂਝੇ ਕਾ ਬੰਝਰਉਤ ਰਦਉਤ ਜਲਹਾਨਾ ਮਿਤੀ ਸਾਵਨ ਵਦੀ ਦੂਜ ਸੰਬਤ ੧੬੦੦ ਅਲੀਪੁਰ ਕੇ ਮਲਹਾਨ ਏਕ ਊਟ ਏਕ ਘੋਰੋ ਦਾਨ ਕੀਆ ਕੁਲ ਪ੍ਰੋਹਤ ਦਰੀਆ ਕੋ ਮਾਨਾ । ੪ ।

ਇਸੇ ਤਰ੍ਹਾਂ ਅਗੇ ਜਿਉਂ ਜਿਉਂ ਉਸ ਖਾਨਦਾਨ ਦਾ ਵਾਧਾ ਹੁੰਦਾ ਜਾਂਦਾ ਸੀ ਨਵੇਂ ਪ੍ਰੋਹਤ ਨਵੇਂ ਜੀਆਂ ਦੇ ਨਾਉਂ ਪਾ ਪਾ ਕੇ ਬੰਸਾਵਲੀ ਲਿਖਦੇ ਰਹਿੰਦੇ ਸਨ । ਉਪਰ ੪ ਵਧਾਈਆਂ ਜੋ ਇਕੋ ਪ੍ਰਵਾਰ ਦੀਆਂ ਹਨ ਤੋਂ ਵਧਾਈ ਦੀ ਵਾਰਤਕ ਸ਼ੈਲੀ ਅਤੇ ਭੱਟਾਂ ਦਾ ਸੰਨ ਸੰਮਤ ਲਿਖਣ ਦੇ ਢੰਗ ਤੇ ਵਧਾਈ ਵਿਚ ਮਿਲੀਆਂ ਚੀਜ਼ਾਂ ਦੇ ਵਰਣਨ ਬਾਰੇ ਅਸੀਂ ਜਾਣ ਸਕਦੇ ਹਾਂ ਕਿ ਭੱਟ ਇਨ੍ਹਾਂ ਸਭ ਵਸਤਾਂ ਦਾ ਉਲੇਖ ਕਿਸ ਤਰ੍ਹਾਂ ਕਰਿਆ ਕਰਦੇ ਸਨ । ਇਸ ਤਰ੍ਹਾਂ ਦੇ ਲੇਖਾਂ ਤੋਂ ਇਲਾਵਾ ਕਿੰਨੀਆਂ ਹੀ ਕਿਸਮਾਂ



Digitized by Panjab Digital Library | www.panjabdigilib.org

ਦੇ ਹੋਰ ਵਿਰਤਾਂਤ ਇਨ੍ਹਾਂ ਵਹੀਆਂ ਦੇ ਪੰਨਿਆਂ ਉੱਤੇ ਥਾਂ ਥਾਂ ਅੰਕਤ ਕੀਤੇ ਪਏ ਹਨ। ਪੰਜਾਬ ਦੇ ਅਨੇਕਾਂ ਖਾਨਦਾਨਾਂ ਦੇ ਹਾਲ ਅਤੇ ਖਾਸ ਕਰਕੇ ਜਦੋਂ ਤੋਂ ਭੱਟਾਂ ਦਾ ਗੁਰੂ ਸਾਹਬਾਨ ਨਾਲ ਮੇਲ ਹੋਇਆ ਉਸ ਤੋਂ ਪਿਛੋਂ ਹੋਏ ਕਈ ਵਾਕਿਆਂ, ਅਨੇਕਾਂ ਸਿੱਖਾਂ ਸ਼ਹੀਦਾਂ ਯੋਧਿਆਂ ਬਾਰੇ ਟਿਪਣੀਆਂ, ਦੋਹੇ ਛੰਦ ਜੋ ਇਨ੍ਹਾਂ ਵਹੀਆਂ ਵਿਚ ਲਿਖੇ ਮਿਲਦੇ ਹਨ। ਜੇ ਸਾਡੇ ਇਤਿਹਾਸ ਨੂੰ ਠੀਕ ਰੂਪ ਵਿਚ ਉਘਾੜਨ ਲਈ ਮੌਕੇ ਦੀਆਂ ਗਵਾਹੀਆਂ ਤੇ ਆਪਣੇ ਸਮੇਂ ਦੇ ਸਾਹਿੱਤ ਦੀਆਂ ਵਧੀਆਂ ਵੰਨਗੀਆਂ ਦੀ ਲੋੜ ਹੈ ਤਾਂ ਇਹ ਛੇਤੀ ਹੀ ਸੰਭਾਲ ਲੈਣੇ ਚਾਹੀਦੇ ਹਨ।

## ਆਦਿ ਗ੍ਰੰਥ ਦੇ ਭੱਟ ਤੇ ਉਨ੍ਹਾਂ ਦੀ ਬਾਣੀ

ਸ੍ਰੀ ਗੁਰੂ ਆਦਿ ਗ੍ਰੰਥ ਸਾਹਬ ਦੇ ਰਾਗਾਂ ਤੋਂ ਪਿਛਲੇ ਅੰਤਕਾ ਭਾਗ ਵਿਚ, ਜਿਥੇ ਰਾਗਾਂ ਪਿਛੋਂ ਸਹਿਸਕ੍ਰਿਤ, ਗਾਥਾ, ਫੁਨਹੇ ਚਉਬੋਲੇ ਆਦਿ ਵਖੋ ਵਖਰੀਆਂ ਕਿਸਮਾਂ ਦੀਆਂ ਵਧੀਆਂ ਹੋਈਆਂ—ਰਚਨਾਵਾਂ ਹਨ, ਕਬੀਰ ਜੀ ਅਤੇ ਫਰੀਦ ਜੀ ਦੇ ਸਲੋਕਾਂ ਪਿਛੋਂ ਉਥੇ 'ਭੱਟਾਂ ਦੇ ਸ੍ਵਈਏ ਆਉਂਦੇ ਹਨ।

ਭੱਟਾਂ ਦੇ ਸ੍ਵਈਏ ਦੇਣ ਤੋਂ ਪਹਲਾਂ ਗੁਰੂ ਅਰਜਨ ਦੇਵ ਜੀ ਨੇ ਇਸੇ ਭਾਂਤ ਦੇ ਕੁਝ ਸ੍ਵਈਏ ਆਪਣੇ ਵਲੋਂ ਰਚ ਕੇ ਲਿਖੇ ਹਨ ਫਿਰ ਪਹਲੀ ਪਾਤਸ਼ਾਹੀ ਤੋਂ ਲੈ ਕੇ, 'ਸ੍ਵਈਏ ਮਹੱਲੇ ਪਹਲੇ ਕੇ' ਮਹਲੇ ਪੰਜਵੇਂ ਤਕ ਇਸ ਤਰ੍ਹਾਂ ਦੇ ਸਿਰਲੇਖਾਂ ਦੀਆਂ ਸੂਚਨਾਂ ਦੇ ਕੇ ਪੰਜਵੇਂ ਗੁਰੂ ਜੀ ਤਕ ਦੀ ਉਸਤਤ ਦੇ ਸ੍ਵਈਏ ਪ੍ਰਾਪਤ ਹਨ। ਜਿਵੇਂ ਆਦਿ ਗ੍ਰੰਥ ਦੇ ਵਿੱਚ ਤਰੀਕਾ ਵਰਤਿਆ ਹੈ, ਭੱਟਾਂ ਦੇ ਸ੍ਵਈਏ ਮਜ਼ਮੂਨ ਨੂੰ ਮੁੱਖ ਰੱਖ ਕੇ ਵੱਖ ਵੱਖ ਮੰਗਲਾਚਰਨ ਦੇ ਕੇ ਦਿਤੇ ਹਨ। ਵਖੋ ਵਖਰੇ ਭੱਟਾਂ ਦੀ ਰਚਨਾ ਨਿਖੇੜ ਨਿਖੇੜ ਕੇ ਨਹੀਂ ਲਿਖੀ। ਪਹਲੇ ਗੁਰੂ ਜੀ ਤੋਂ ਜਿਸ ਗੁਰੂ ਸਾਹਬਾਨ ਦੀ ਉਸਤਤ ਵਿੱਚ ਰਚਨਾ ਕਰਦੇ ਰਹੇ, ਉਨ੍ਹਾਂ ਮਹਲਿਆਂ ਦੇ ਸਿਰਲੇਖ ਦੇ ਕੇ ਸ੍ਵਈਏ ਦਿਤੇ ਗਏ ਹਨ। ਭੱਟਾਂ ਦੀ ਇਸ ਸਾਰੀ ਰਚਨਾ ਉਤੇ ਸਰਸਰੀ ਜਿਹੀ ਝਾਤੀ ਮਾਰਿਆਂ ਸਪਸ਼ਟ ਹੋ ਜਾਂਦਾ ਹੈ। ਪੰਜਾ ਗੁਰੂ ਸਾਹਬਾਂ ਦੀ ਉਸਤਤ ਕਰਨ ਵਾਲੇ ਭੱਟਾਂ ਦੀ ਇਹ ਇਕੋ ਪਾਰਟੀ ਨਹੀਂ ਸੀ। ਵਖੋ ਵਖਰਿਆਂ ਸਮਿਆਂ ਉਤੇ ਭੱਟ ਪੁਜਦੇ ਰਹੇ ਤੇ ਰਚਨਾ ਰਚਦੇ ਰਹੇ। ਸ੍ਵਈਆਂ ਨੂੰ ਦੇਖਿਆਂ ਮਲੂਮ ਹੋ ਜਾਂਦਾ ਹੈ ਕਿ ਕਲਾ ਤੋਂ ਬਿਨਾ ਦੂਜੇ ਭੱਟ ਉਸ ਦੇ ਨਾਲ ਹਰ ਇਕ ਗੁਰੂ ਜੀ ਦੀ ਉਸਤਤ ਸਮੇਂ ਬਦਲ ਬਦਲ ਕੇ ਆਉਂਦੇ ਹਨ। ਜੇ ਗੁਰੂ ਅਰਜਨ ਜੀ ਦੀ ਉਸਤਤ ਵੇਲੇ, ਜੋ ਗੱਦੀ ਨਸ਼ੀਨੀ ਵੇਲੇ ਹੀ ਹੋ ਸਕਦੀ ਹੈ, ਪਹਲਿਆਂ ਗੁਰੂ ਸਾਹਬਾਂ ਦੀ ਉਸਤਤ ਕਰਨ ਵਾਲੇ ਸਾਰੇ ਭੱਟ



Digitized by Panjab Digital Library | www.panjabdigilib.org

ਆਏ ਹੁੰਦੇ ਤਾਂ ਉਸ ਦੇ ਅਸੀਂ ਸਿਧੇ ਸਿਟੇ ਕੱਢ ਸਕਦੇ ਹਾਂ ਕਿ,

(੧) ਸਾਰੇ ਭੱਟ ਗੁਰੂ ਅਰਜਨ ਜੀ ਸਮੇਂ ਹਾਜ਼ਰ ਹੋਏ ਸਨ ਤੇ ਉਨ੍ਹਾਂ ਗੁਰੂ ਅਰਜਨ ਜੀ ਦੀ ਹਾਜ਼ਰੀ ਭਰਨ ਵੇਲੇ ਹੀ ਪਹਲੇ ਗੁਰੂ ਸਾਹਬਾਂ ਦੀ ਉਸਤਤ ਵਿੱਚ ਸ੍ਵਈਆਂ ਤੇ ਛੰਦਾ ਦੀ ਰਚਨਾ ਕੀਤੀ।

(੨) ਪਹਲੇ ਗੁਰੂ ਸਾਹਬਾਂ ਦਾ ਜਸ ਕ੍ਹਣ ਵਾਲੇ ਭੱਟਾਂ ਨੇ ਜੋ ਪਹਲਾਂ ਵਖੋ ਵਖਰੇ ਵੀ ਆਉਂਦੇ ਰਹੇ ਸਨ, ਗੁਰੂ ਗ੍ਰੰਥ ਸਾਹਬ ਦੀ ਸਾਜਨਾ ਹੁੰਦੀ ਦੇਖ ਕੇ ਇਸ ਕਾਜ ਲਈ ਪਹਲੀਆਂ ਯਾਦਾਂ ਨੂੰ ਵਾਕ ਵਧ ਕਰਨ ਲਈ ਬਾਣੀ ਰਚੀ। ਪਰ ਇਹ ਗੱਲਾਂ ਹਨ ਨਹੀਂ। ਜੇ ਹੁੰਦੀਆਂ ਤਾਂ ਕਈ ਪ੍ਰਾਚੀਨ ਸਿੱਖ ਇਤਿਹਾਸਕਾਰਾਂ ਦੀ ਇਹ ਮਨ-ਘੜਤ ਕਥਾ ਤਾਂ ਭਾਵੇਂ ਸਿੱਧ ਨਾ ਹੁੰਦੀ ਕਿ ਚਾਰੇ ਬੇਦਾਂ ਚਾਰ ਚਾਰ ਰੂਪ ਧਾਰ ਕੇ ਅਤੇ ਸਤਾਰਵਾਂ ਵੇਦਾਂ ਦਾ ਗਿਆਤਾ ਬਰ੍ਹਮਾ ਖੁਦ ਭੱਟ ਬਣ ਕੇ ਗੁਰੂ ਜੀ ਪਾਸ ਗੱਦੀ ਪ੍ਰਾਪਤ ਕਰਨ ਆਇਆ ਸੀ, ਪਰ ਉਸ ਤੋਂ ਇਹ ਜ਼ਰੂਰ ਸਹੀ ਹੋ ਜਾਂਦਾ ਹੈ ਕਿ ਭੱਟਾਂ ਦਾ ਇਹ ਜਥਾ ਇਕੋ ਵੇਲੇ ਗੁਰੂ ਜੀ ਦੀ ਹਜ਼ੂਰੀ ਵਿੱਚ ਪੁਜਾਂ ਸੀ। ਸ਼ਰਧਾ ਪਿਆਰ ਕਰ ਕੇ ਜਾਂ ਬਣ ਰਹੀ ਆਦਿ ਬੀੜ ਵਿੱਚ ਬਾਣੀ ਚੜ੍ਹਾਉਣ ਦੇ ਸ਼ੌਕੀਨ ਹੋਰ ਕਈ ਭਗਤਾਂ ਵਾਂਗ ਜਿਨ੍ਹਾਂ ਭੱਟਾਂ ਦੀ ਸ੍ਰੀ ਗੁਰੂ ਗ੍ਰੰਥ ਸਾਹਬ ਵਿੱਚ ਰਚਨਾ ਹੈ, ਉਹ ਗੁਰੂ ਸਾਹਬ ਦੇ ਕੁਲ ਪ੍ਰੋਹਿਤ ਜਾਂ ਕੁਲ ਭੱਟ ਨਹੀਂ, ਸ਼ਰਧਾਲੂ ਭਗਤ ਜਾਂ ਸਿੱਖ ਸੇਵਕ ਸਨ। ਜੇ ਇਹ ਭੱਟ ਕੁਲ ਪ੍ਰੋਹਤ ਹੁੰਦੇ ਤਾਂ ਭੱਟਾਂ ਦੀਆਂ ਵਹੀਆਂ ਵਿਚੋਂ ਗੁਰੂ ਸਾਹਬਾਂ ਦੇ ਵੱਡਿਆਂ ਦੀਆਂ ਵਧਾਈਆਂ ਤੇ ਬੰਸਾਂਵਲੀਆਂ ਲਿਖੀਆਂ ਮਿਲ ਜਾਂਦੀਆਂ। ਜੇ ਉਨ੍ਹਾਂ ਤੋਂ ਪਹਲਾਂ ਦੇ ਵੱਡਿਆਂ ਦੀਆਂ ਬੰਸਾਵਲੀਆਂ ਨਾ ਹੁੰਦੀਆਂ ਤਾਂ ਗੁਰੂ ਸਾਹਬਾਂ ਤੋਂ ਪਿਛੋਂ ਦੇ ਖਾਨਦਾਨੀ ਵਿਰਤਾਂਤ ਜ਼ਰੂਰ ਲਿਖੇ ਹੁੰਦੇ।

ਸਾਡੇ ਇਸ ਕਥਨ ਦੀ ਪੁਸ਼ਟੀ ਸਿਰਫ ਭੱਟ-ਵਹੀਆਂ ਵਿਚ ਇਸ ਤਰ੍ਹਾਂ ਦੀਆਂ ਚੀਜ਼ਾਂ ਨਾ ਆਉਣ ਤੋਂ ਹੀ ਨਹੀਂ, ਉਨ੍ਹਾਂ ਵਹੀਆਂ ਵਿਚ ਜੋ ਹੋਰ ਸਾਮਗ੍ਰੀ ਹੈ ਉਸ ਤੋਂ ਭੀ ਹੁੰਦੀ ਹੈ। ਸੰਤ ਸਿੰਘ ਭੱਟ ਦੀ ਵਹੀ ਵਿਚ ਅਸੀਂ ਦੇਖ ਆਏ ਹਾਂ ਕਿ ਇਕ ਐਲਾਨ ਵਿਚ ਜੋ ਪਿਛੋਂ ਜਾ ਕੇ ਬਣਾਇਆ ਗਇਆ — ਭੱਟਾਂ ਨੇ ਆਪਣੇ ਜਜਮਾਨ ਵਧਾਉਣ ਲਈ ਕੋਈ ਨਵੀਆਂ ਜਾਤੀਆਂ ਨਹੀਂ ਲਿਖ ਲਈਆਂ ਸਗੋਂ ਰਾਜਪੂਤਾਂ ਦੀਆਂ ਉਨ੍ਹਾਂ ਪੰਜਾਂ ਜਾਤੀਆਂ ਚੋਹਾਣ, ਪੰਵਾਰ, ਰਾਠੌਰ, ਤੂਮਰ ਜਾਦੋਆਂ ਨੂੰ ਹੀ ਆਪਣੇ ਜਜਮਾਨ ਹੋਣ ਦੀ ਯਾਦ ਤਾਜ਼ਾ ਕਰਾਈ ਹੈ। ਇਸ ਤੋਂ ਪ੍ਰਗਟ ਹੈ ਕਿ ਗੁਰੂ ਸਾਹਬਾਂ ਦੀਆਂ ਜਾਤੀਆਂ ਬੇਦੀ, ਤ੍ਰੇਹਣ, ਭੱਲੇ ਤੇ ਸੋਢੀਆਂ ਦੇ ਇਹ ਕੁਲ ਭੱਟ ਨਹੀਂ ਸਨ। ਨਾ ਹੀ ਇਨ੍ਹਾਂ ਦੀ ਰਚਨਾ ਵਿਚ ਕਿਸੇ ਅਜੇਹੀ ਗੱਲ, ਦਾਨ ਅਤੇ ਕੁਲ ਉਸਤਤ ਦਾ ਜ਼ਿਕਰ ਤੇ ਇਸ਼ਾਰਾ ਹੈ। ਇਨ੍ਹਾਂ ਭੱਟਾਂ ਜਿਵੇਂ ਗੁਰ ਉਸਤਤ ਕਹੀ ਹੈ



Digitized by Panjab Digital Library | www.panjabdigilib.org

ਉਸ ਵਿੱਚ ਗੁਰੂਆਂ ਦੇ ਨਾਵਾਂ ਤੇ ਚਲੀ ਆ ਰਹੀ ਗੁਰਤਾ ਦਾ ਵੇਰਵਾ ਦਿਤਾ ਹੈ। ਇਸ ਲਈ ਇਹ ਗੁਰ ਭਗਤ ਭੱਟ ਸਨ, ਨਾ ਕਿ ਕੁਲ ਪ੍ਰੋਹਤ।

ਸੁਆਲ ਪੈਦਾ ਹੁੰਦਾ ਹੈ ਕਿ ਭੱਟ ਗੁਰੂ ਸਾਹਬਾਨ ਦੇ ਸੰਪਰਕ ਵਿੱਚ ਕਿਵੇਂ ਆਏ ? ਭੱਟਾਂ ਦੀ ਰਚਨਾ ਵਿੱਚੋਂ ਸਭ ਤੋਂ ਪਹਲਾਂ ਮਹਲੇ ਪਹਲੇ ਦੀ ਉਸਤਤ ਸਮੇਂ ਜਿਥੇ ਗੁਰੂ ਸਾਹਬਾਂ ਦਾ ਨਾਉਂ ਪਾ ਕੇ ਜਸ ਆਖਿਆ ਹੈ ਉਸ ਵਿੱਚ ਗੁਰੂ ਨਾਨਕ ਗੁਰੂ ਅੰਗਦ ਤੇ ਅਮਰ ਦੇਵ ਜੀ ਦੇ ਨਾਉਂ ਦਿਤੇ ਹਨ :—

'ਕਲਜੁਗ ਪ੍ਰਮਾਣੁ ਨਾਨਕ ਗੁਰੂ ਅੰਗਦ ਅਮਰ ਕਹਾਇਓ।'

ਇਸ ਤੋਂ ਪ੍ਰਗਟ ਹੈ ਕਿ ਪਹਲਾਂ ਪਹਲ ਭੱਟ ਗੁਰੂ ਅਮਰਦਾਸ ਜੀ ਦੀ ਹਜ਼ੂਰੀ ਵਿੱਚ ਪੁਜੇ ਹਨ। ਮਹਿਮਾ ਪ੍ਰਕਾਸ ਦੀ ਲਿਖਤ ਮੁਤਾਬਕ ਭਿਖਾ ਭੱਟ ਗੁਰੂ ਅਮਰਦਾਸ ਜੀ ਸਮੇਂ ਸੇਵਾ ਵਿੱਚ ਪੁਜਿਆ ਹੋਇਆ ਸੀ :—

ਭੀਖਾ ਭੱਟ ਸੁਲਤਾਨ ਪੁਰ ਵਾਸੀ, ਹਰਿ ਕੀ ਭਗਤ ਫਿਰੈ ਜੁਗਿਆਸੀ।
ਜਬ ਭਿਖੇ ਉਸਤਤ ਗੁਰ ਕਰੀ, ਸੁਨ ਪਰਸੰਨ ਭਏ ਤਿਧਆਰੀ।
(ਮਹਿਮਾ ਪ੍ਰਕਾਸ)

ਤੀਸਰੇ ਪਾਤਸ਼ਾਹ ਜੀ ਦੇ ਸਮੇਂ ਤੋਂ ਭਿਖਾ ਗੁਰੂ ਅਰਜਨ ਦੇਵ ਜੀ ਦੇ ਸਮੇਂ ਤਕ ਸੇਵਾ ਸਿਦਕ ਕਰਕੇ ਚੰਗਾ ਨਾਮੀ ਸਿਖ ਬਣ ਗਇਆ ਸੀ ਜਿਸ ਕਰਕੇ ਭਾਈ ਗੁਰਦਾਸ ਜੀ ਨੇ ਉਸਨੂੰ ਪੰਜਵੇਂ ਗੁਰੂ ਜੀ ਦੇ ਮਾਨਨੀਯ ਸਿਖਾਂ ਵਿਚੋਂ ਕਹਿਆ :—

ਭਿਖਾ ਟੋਡਾ ਭੱਟ ਦੋਏ ਧਾਰੂ ਸੂਦ ਮਹਲ ਤਿਸਭਾਰਾ।
[ਵਾਰ ੧੧ ਪਉੜੀ ੨੧]

ਜਿਵੇਂ ਅਗੇ ਦਿਤੀ ਭੱਟਾਂ ਦੀ ਬੰਸਾਵਲੀ ਤੋਂ ਪ੍ਰਗਟ ਹੋ ਜਾਂਦਾ ਹੈ ਤੇ ਟੋਡਾ, ਦੋਵੇਂ ਰਈਏ ਭੱਟ ਦੇ ਪੁਤਰ (ਸਕੇ ਭਰਾ) ਸਨ। ਭੱਟਾਂ ਦੇ ਸੁਲਤਾਨ ਪੁਰ ਦੇ ਵਾਸੀ ਹੋਣ ਦੀ ਪੁਸ਼ਟੀ ਭੀ ਵਹੀ ਤੋਂ ਹੋ ਜਾਂਦੀ ਹੈ। ਜੋ ਵਹੀਆਂ ਸਾਨੂੰ ਵੇਖਣ ਦਾ ਮੌਕਾ ਮਿਲਿਆ ਹੈ ਉਨ੍ਹਾਂ ਦਾ ਆਰੰਭ ਭੱਟਾਂ ਦੀ ਇਸ ਬੰਸਾਵਲੀ ਤੋਂ ਹੁੰਦਾ ਹੈ:

ਸ੍ਰੀ ਸਰਸਵਤੀ ਏ ਨਮਹਿ
ਸ੍ਰੀ ਗਣੇਸ ਏ ਨਮਹਿ।

ਕੌਸ਼ਸ਼ ਗੋਤਰੇ ਗੌੜ ਬ੍ਰਹਮਣ ਨਦੀ ਸਰਸੁਤੀ ਗਾਮ ਤਲਾਉਢਾ ਸੁਲਤਾਨਪੁਰ ਭਾਦਸੋਂ ਵਾਲੇ।



Digitized by Panjab Digital Library | www.panjabdigilib.org

੨ ਅੰਬੀਆ ਭਗੀਰਥ ਕਾ, ਕੇਲਨ ਭਗੀਰਥ ਕਾ, ਬੀਠਲ ਭਗੀਰਥ ਕਾ, ਲੂਨਸੀ ਅੰਬੀਆ ਕਾ, ਦੀਪਕ ਅੰਬੀਆ ਕਾ, ਉਦੀਆ ਅੰਬੀਆ ਕਾ, ਕੇਸਬ ਅੰਬੀਆ ਕਾ, ਭੀਕਾ ਲੂਨਸੀ ਕਾ, ਬੋਕਾ ਲੂਨਸੀ ਕਾ, ਨਾਨੂ ਲੂਨਸੀ ਕਾ, ਝਰਮਲ ਲੂਨਸੀ ਕਾ, ਦੋਸੂ ਲੂਨਸੀ ਕਾ, ਬਨਵਾਰੀ ਭੀਕਾ ਕਾ, ਧਰਮਾ ਭੀਕਾ ਕਾ, ਈਸਰ ਭੀਕਾ ਕਾ।

(੨) ਹਰਜੀ ਬਨਵਾਰੀ ਕਾ, ਚਾਂਦ ਬਨਵਾਰੀ ਕਾ, ਬਲੀਆ ਬਨਵਾਰੀ ਕਾ, ਪੂਰਾ ਹਰ ਜੀ ਕਾ, ਨਾਨਕ ਹਰਜੀ ਕਾ, ਲੂਨਸੀ ਪੂਰਾ ਕਾ, ਸੈਨਾ ਪੂਰਾ ਕਾ, ਬਾਂਕੜ ਪੂਰਾ ਕਾ, ਸੂਰਤਾ ਪੂਰਾ ਕਾ, ਰਈਆ ਨਰਸੀ ਕਾ, ਦਰੀਆ ਨਰਸੀ ਕਾ, ਜਾਹੜ ਨਰਸੀ ਕਾ, ਭਿਖਾ ਰਈਆ ਕਾ, ਸੇਖਾ ਰਈਆ ਕਾ, ਤੋਖਾ ਰਈਆ ਕਾ, ਗੋਖਾ ਰਈਆ ਕਾ, ਚੋਖਾ ਰਈਆ ਕਾ, ਟੋਡਾ ਰਈਆ ਕਾ, ਕਲ ਭਿਖਾ ਕਾ, ਮਤਰ: ਭਿਖਾ ਕਾ, ਜਾਲਪ ਭਿਖਾ ਕਾ, ਕੀਰਤ ਭਿਖਾ ਕਾ, ਮਲੀਆ ਭਿਖਾ ਕਾ, ਦਲੀਆ ਭਿਖਾ ਕਾ। ਕੂਬੀਆ ਕਲ ਕਾ, ਮਾਡਨ ਕਲ ਕਾ, ਉਗਨਾ ਕਲ ਕਾ; ਆਡੂ ਕਲ ਕਾ, ਲੂਨਸੀ ਲੂੰਬੀਆਂ ਕਾ, ਬਾਕੜ ਲੂੰਬੀਆਂ ਕਾ। ਟੂਡੀਆ ਸੇਖਾ ਕਾ, ਸਲ ਸੇਖਾ ਕਾ, ਭਲ ਸੇਖਾ ਕਾ, ਟਲ ਸੇਖਾ ਕਾ, ਮੌਖਰਾ ਸੇਖਾ ਕਾ, ਪਿੰਗਲਾ ਸੇਖਾ ਕਾ, ਦੂਦਾ ਸਲਕਾ, ਜੈਦੀ ਸਲਕਾ।

ਦਾਸ ਤੋਖਾ ਕਾ. ਕਲੂਆ ਤੋਖਾ ਕਾ, ਗੰਗ ਤੋਖਾ ਕਾ, ਬਲ ਤੋਖਾ ਕਾ, ਕੇਵਲ ਦਾਸ ਕਾ, ਲਖਮਨ ਦਾਸ ਕਾ, ਆਸਾ ਦਾਸ ਕਾ, ਹਰਬੰਸ ਗੋਖਾ ਕਾ, ਸੇਵਕੀਆ ਗੋਖਾ ਕਾ, ਬਲੀਆ ਗੋਖਾ ਕਾ, ਬੀਰਬਲ ਹਰਬੰਸ ਕਾ, ਹਾਫਾ ਸੇਵਕੀਆ ਕਾ, ਜਲਾ ਸੇਵਕੀਆ ਕਾ, ਜੀਤਾ ਸੇਵਕੀਆ ਕਾ।

ਨੰਦਾ ਹਾਫਾ ਕਾ, ਓਮਾ ਹਾਫਾ ਕਾ, ਜਸਮਤ ਨੰਦਾ ਕਾ, ਪੋਹੀਆ ਨੰਦਾ ਕਾ, ਪ੍ਰਭੂ ਜਸਪਤ ਕਾ, ਮਹਿਮਾ ਜੀਤਾ ਕਾ; ਨਰਸਿੰਹ ਜੀਤਾ ਕਾ। ਕਲਸਹਾਰ ਚੋਖਾ ਕਾ, ਗਯੰਦ ਚੋਖਾ ਕਾ, ਬਉਨੀਆ ਚੋਖਾ ਕਾ, ਸੀਮਾ ਚੋਖਾ ਕਾ। ਦੇਵਕੀਆ ਕਲ ਸਹਾਰ ਕਾ, ਬੋਹਥ ਕੀਰਤ ਕਾ, ਬੇਦਸੀ ਕੀਰਤ ਕਾ, ਕੰਥਾ ਕੀਰਤ ਕਾ, ਗੋਪੀ ਕੀਰਤ ਕਾ, ਕੇਸੋ ਸਿੰਘ ਬੋਹਥ ਕਾ, ਹਰੀ ਸਿੰਘ ਬੋਹਥ ਕਾ, ਦੇਸਾ ਸਿੰਘ ਬੋਹਥ ਕਾ, ਤਾਰਾ ਸਿੰਘ ਹਰੀ ਸਿੰਘ ਕਾ, ਸੇਵਾ ਸਿੰਘ ਹਰੀ ਸਿੰਘ ਕਾ, ਦੇਵਾ ਸਿੰਘ ਹਰੀ ਸਿੰਘ ਕਾ, ਭੀਮ ਸਿੰਘ ਦੇਸਾ ਸਿੰਘ ਕਾ, ਅਮਰ ਸਿੰਘ ਦੇਸਾ ਸਿਘ ਕਾ, ਗਹੂਰ ਸਿੰਘ ਦੇਸਾ ਸਿੰਘ ਕਾ। ਨਰਬਦ ਸਿੰਘ ਕੇਸੋ ਸਿੰਘ ਕਾ, ਸ਼ਿਵ ਲਾਲ ਸਿਘ ਕੇਸੋ ਸਿੰਘ ਕਾ...



Digitized by Panjab Digital Library | www.panjabdigilib.org

ਇਸ ਤੋਂ ਪਿਛੋਂ ਏਸੇ ਤਰ੍ਹਾਂ ਪੀੜ੍ਹੀ ਦਰ ਪੀੜ੍ਹੀ ਚਲਦੀ ਇਹ ਬੰਸਾਵਲੀ ਸੰਤ ਸਿੰਘ ਭੱਟ, ਜਿਸ ਪਾਸ ਵਹੀ ਹੈ, ਉਸ ਤੇ ਪਹੁੰਚ ਕੇ ਖਤਮ ਹੁੰਦੀ ਹੈ।

(੧) ਉਪਰਲੀ ਬੰਸਾਵਲੀ ਨੂੰ ਗਹੁ ਨਾਲ ਦੇਖਿਆਂ ਪ੍ਰਗਟ ਹੋ ਜਾਂਦਾ ਹੈ ਕਿ ਕੀਰਤ ਭੱਟ ਦਾ ਪੋਤਾ ਕੇਸੋ ਸਿੰਘ, ਹਰੀ ਸਿੰਘ, ਦੇਸਾ ਸਿੰਘ ਤਿੰਨੇ ਸਿੱਖ ਬਣ ਗਏ ਸਨ ਜਿਨ੍ਹਾਂ ਤੋਂ ਅੱਜ ਤੱਕ ਭੱਟ ਖਾਨਦਾਨ ਵਿੱਚ ਸਿੱਖੀ ਚਲੀ ਆਉਂਦੀ ਹੈ।

(੨) ਇਸ ਬੰਸਾਵਲੀ ਦੇ ਉਪਰ ਲਿਖੇ ਨੋਟ ਵਿੱਚ 'ਸੁਲਤਾਨਪੁਰ ਵਾਲੇ' ਲਿਖਿਆ ਹੋਣ ਕਰ ਕੇ ਇਹ ਗੱਲ ਭੀ ਪ੍ਰਗਟ ਹੋਈ ਹੋਈ ਹੈ ਕਿ ਭੱਟਾਂ ਦਾ ਇਹ ਖਾਨਦਾਨ ਸੁਲਤਾਨਪੁਰ ਭੀ ਵਸਦਾ ਰਹਿਆ ਹੈ। ਸੁਲਤਾਨਪੁਰ ਤੋਂ ਖਡੂਰ ਜਿਥੇ ਗੁਰੂ ਅਮਰ ਦਾਸ ਜੀ ਰਹਿੰਦੇ ਰਹੇ, ਕੋਈ ਬਹੁਤਾ ਦੂਰ ਦਾ ਪੈਂਡਾ ਨਹੀਂ। ਤੁਰਨ ਫਿਰਨ ਦੀ ਸ਼ਕਤੀ ਰਖਣ ਵਾਲਾ ਬੰਦਾ ਇਕ ਦਿਨ ਵਿੱਚ ਪੈਦਲ ਪਹੁੰਚ ਸਕਦਾ ਹੈ। ਗੁਰੂ ਅਮਰ ਦਾਸ ਜੀ ਜਿਸ ਸਮੇਂ ਗੱਦੀ ਉਤੇ ਬੈਠੇ ਸਨ, ਉਨ੍ਹਾਂ ਦਾ ਸੁਲਤਾਨ ਪੁਰ ਪਤਾ ਲੱਗ ਜਾਣਾ ਸੰਭਵ ਸੀ। ਜਾਪਦਾ ਇਸ ਤਰ੍ਹਾਂ ਹੈ ਕਿ ਗੁਰੂ ਅਮਰ ਦਾਸ ਜੀ ਦੀ ਗੁਰ-ਗੱਦੀ ਦੇ ਤਿਲਕ ਸਮੇਂ ਭਿਖਾ ਜੀ ਆਪਣੇ ਸੰਗੀਆਂ ਸਾਥੀਆਂ ਤੇ ਆਰ ਪ੍ਰਵਾਰ ਸਮੇਤ ਖਡੂਰ ਸਾਹਬ ਪੁੱਜੇ ਸਨ ਜਿਥੇ ਗੁਰੂ ਅਮਰ ਦਾਸ ਜੀ ਨੂੰ ਗੁਰਤਾ ਅਰਪਣ ਕਰਨ ਦੀ ਰਸਮ (੩ ਵੈਸਾਖ ਸੰਮਤ ੧੬੦੯) ਨੂੰ ਕੀਤੀ ਗਈ ਸੀ।

ਭੱਟਾਂ ਬਾਰੇ ਜ਼ਿਕਰ ਕਰਨ ਵਾਲੇ ਸਾਰੇ ਗ੍ਰੰਥਾਂ ਵਿੱਚ ਭਿਖਾ ਜੀ ਨੂੰ ਭੱਟਾਂ ਦਾ ਵੱਡਾ ਜਾਂ ਜਥੇਦਾਰ ਮੰਨਿਆ ਗਇਆ ਹੈ। ਵਹੀ ਤੋਂ ਭੀ ਇਹ ਗੱਲ ਸਹੀ ਹੁੰਦੀ ਹੈ ਕਿ ਭਿਖਾ ਆਪਣੇ ਪੰਜਾਂ ਭਰਾਵਾਂ ਤੋਂ ਵੱਡਾ ਸੀ। ਭਿਖੇ ਦੇ ਪੰਜ ਭਰਾਵਾਂ ਵਿੱਚੋਂ ਦੂਜਾ ਟੋਡੇ ਦਾ ਨਾਂ ਭਾਈ ਗੁਰਦਾਸ ਜੀ ਨੇ ਦਿਤਾ ਹੈ ਪਰ ਇਸ ਭੱਟ ਦੀ ਗੁਰ-ਉਸਤਤ ਵਿੱਚ ਕੋਈ ਰਚਨਾ ਨਹੀਂ ਮਿਲੀ। ਸ਼ਰਧਾਲੂ ਸਿੱਖਾ ਵਾਂਗ ਇਹ ਦਰਸ਼ਨ ਦੀਦਾਰ ਕਰਨ ਕਰਾਉਣ ਵਾਲਾ ਹੀ ਪ੍ਰਤੀਤ ਹੁੰਦਾ ਹੈ। ਜਿਨ੍ਹਾਂ ਭੱਟਾ ਦੀ ਗੁਰੂ ਗ੍ਰੰਥ ਸਾਹਬ ਵਿੱਚ ਰਚਨਾ ਹੈ, ਉਨ੍ਹਾਂ ਵਿੱਚ ਕਲ, ਮਥਰਾ, ਜਾਲਪ, ਕੀਰਤ ਚਾਰ ਤਾਂ ਭਿਖੇ ਦੇ ਪੁਤਰ ਹਨ। ਸਲ, ਭਲ, ਟਲ, ਭਿਖੇ ਦੇ ਭਰਾ ਸੇਖੇ ਦੇ। ਭਿਖੇ ਦੇ ਤੀਜੇ ਥਾਂ ਛੋਟੇ ਭਰਾ ਤੋਖੇ ਦੇ ਪੁਤਰਾਂ ਵਿੱਚੋਂ ਦਾਸ, ਗੰਗ, ਬਲ ਦੀ ਬਾਣੀ ਹੈ। ਹਰਬੰਸ ਸੇਵਕ ਜਲ, ਭਿਖੇ ਦੇ ਚੌਥੇ ਭਰਾ ਗੋਖੇ ਦੇ ਪੁਤਰ ਸਨ। ਪੰਜਵੇਂ ਥਾਂ ਛੋਟੇ ਭਰਾ ਚੋਖੇ ਦੇ ਪੰਜਾਂ ਪੁਤਰਾਂ ਵਿੱਚੋਂ ਤਿੰਨਾਂ, ਕਲਸਹਾਰ, ਜਲ, ਗਯੰਦ ਦੀ ਰਚਨਾ ਗੁਰੂ ਗ੍ਰੰਥ ਸਾਹਬ ਵਿੱਚ ਆਈ ਹੈ।

ਉੱਪਰ ਦਿਤੇ ਵੇਰਵੇ ਤੋਂ ਸਪਸ਼ਟ ਹੈ ਕਿ ਭਿਖੇ ਦੇ ਬਾਕੀ ਪੰਜਾਂ ਭਰਾਵਾਂ ਵਿਚੋਂ ਕਿਸੇ ਦੀ ਅਪਣੀ ਬਾਣੀ ਨਹੀਂ। ਟੋਡਾ ਜੋ ਬੇਉਲਾਦਾ ਹੀ ਗੁਜਰਿਆ ਮਲੂਮ ਹੁੰਦਾ ਹੈ ਉਸ ਦੀ ਭੀ ਕੋਈ ਰਚਨਾ ਨਹੀਂ। ਭਿਖੇ ਦਾ ਪੁਤਰਾਂ ਭਤੀਜਿਆਂ ਵਿਚੋਂ ਉਮਰ ਅਤੇ

Digitized by Panjab Digital Library | www.panjabdigilib.org

ਦਰਜੇ ਵਿੱਚ ਵੱਡਾ ਹੋਣ ਕਰਕੇ ਉਸ ਦਾ ਮੋਹਰੀ ਮੰਨਿਆ ਜਾਣਾ ਕੁਦਰਤੀ ਸੀ। ਜਿਥੋਂ ਤਕ ਸਿਖ ਇਤਿਹਾਸ ਦੇ ਲੇਖਕਾਂ ਦੀ ਭਿਖੇ ਨੂੰ ਵੱਡਾ ਤੇ ਮੁਖੀ ਭੱਟ ਮੰਨਣ ਦੀ ਗੱਲ ਹੈ (ਜਿੰਨ੍ਹਾਂ ਨੇ ਚਾਰੇ ਵੇਦਾਂ ਦੇ ਚਾਰ ਚਾਰ ਰੂਪ ਧਾਰੇ ਦਸੇ ਹਨ, ਉਨ੍ਹਾਂ ਨੇ ਭਿਖੇ ਨੂੰ ਸਤਾਰਵਾਂ ਬਰ੍ਹਮਾਂ ਦਾ ਅਵਤਾਰ ਦੱਸਿਆ ਹੈ)* ਉਹ ਵਹੀਆਂ ਦੀ ਗਵਾਹੀ ਤੇ ਭਿਖੇ ਦੇ ਆਪਣੇ ਪ੍ਰਵਾਰ ਵਿਚ ਵਡੀ ਥਾਂ ਹੋਣ ਕਰਕੇ ਸਹੀ ਸਾਬਤ ਹੋ ਜਾਂਦੀ ਹੈ।

ਜੇ ਬਾਕੀ ਭੱਟ ਚਾਰ ਚਾਰ ਦੇ ਹਿਸਾਬ ਨਾਲ ਸਕੇ ਭਰਾ ਹੁੰਦੇ ਤਾਂ ਉਨ੍ਹਾਂ ਦੀ ਇਸ ਕਲਪਨਾ ਪਿਛੇ ਕਿ ਹਰ ਵੇਦ ਨੇ ਚਾਰ ਅਵਤਾਰ ਧਾਰੇ ਸਨ, ਕਿਸੇ ਗੱਲ ਦਾ ਮੂਲ ਸਮਝ ਵਿੱਚ ਆ ਸਕਦਾ ਸੀ, ਪਰ ਅਸੀਂ ਦੇਖ ਆਏ ਹਾਂ ਕਿ ਭਿਖੇ ਦੀ ਤਾਂ ਚਾਰ ਪੁਤਰਾਂ ਦੀ ਰਚਨਾ ਹੈ, ਬਾਕੀ ਉਸ ਦੇ ਚਾਰ ਭਰਾਵਾਂ ਦੇ ਤਿੰਨਾਂ ਤਿੰਨ ਪੁਤਰਾਂ ਦੀ ਬਾਣੀ ਹੈ। ਜਿਸ ਤੋਂ ਇਕ ਇਕ ਵੇਦ ਦੇ ਚਾਰ ਚਾਰ ਰੂਪ ਧਾਰਨ ਵਾਲੀ ਕਲਪਨਾ ਆਪਣੇ ਪਿਛੇ ਛੁਪੇ ਕਿਸੇ ਸੱਚ ਦਾ ਅਧਾਰ ਨਹੀਂ। ਇਸ ਭੱਟ ਬੰਸਾਵਲੀ ਤੋਂ ਭੱਟਾਂ ਦੀ ਗਿਣਤੀ ਬਾਰੇ ਜੋ ਰੌਸ਼ਨੀ ਮਿਲਦੀ ਉਸ ਤੋਂ ਪ੍ਰਗਟ ਹੁੰਦਾ ਕਿ ਗਿਣਤੀ ਵਿਚ ਭੱਟ ਜਿਤਨੇ ਸਾਡੇ ਸੰਪ੍ਰਦਾਈ, ਗਿਆਨੀ ਤੇ ਸਾਹਿਤਕਾਰ ਮੰਨਦੇ ਆਏ ਹਨ ਉਤਨੇ ਹੀ ਸ਼ਬਦਾਰਥ ਦੇ ਲੇਖਕ ਪ੍ਰਿੰ: ਤੇਜਾ ਸਿੰਘ ਜੀ ਅਤੇ ਪ੍ਰੋ: ਸਾਹਿਬ ਸਿੰਘ ਜੀ ਦੇ ੧੧ ਭੱਟਾਂ ਨੂੰ ਦਰਸਾਉਣ ਵਾਲੇ ਸਿਧਾਂਤ ਠੀਕ ਨਹੀਂ।†

---

* ਗੁਰਪ੍ਰਤਾਪ ਸੂਰਜ ਵਿੱਚ ਕਵੀ ਸੰਤੋਖ ਸਿੰਘ ਨੇ ਭੱਟਾਂ ਦੇ ਵੇਦਾਂ ਦਾ ਰੂਪ ਧਾਰ ਕੇ ਆਉਣ ਬਾਰੇ ਇਹ ਕਲਪਨਾ ਇਉਂ ਲਿਖੀ ਹੈ :—

ਇਕ ਇਕ ਵੇਦ ਚਤੁਰ ਵਪ ਧਾਰੇ, ਪ੍ਰਗਟ ਨਾਮ ਤਿਨ ਕਹੋ ਅਸ਼ੇਸ।
ਪੂਰਵ ਸਾਮ ਵੇਦ ਕੇ ਇਹ ਭੇ, ਮਥਰਾ ਜਾਲਪ ਬਲ ਹਰਬੰਸ।
ਪੁਨਿਰਿਗ ਵੇਦ ਕਲਸ਼ ਜਲ ਨਲ ਤ੍ਰੈ, ਕਲ ਸਹਾਰ ਚੌਥੇ ਗਿਨ ਅੰਸ।
ਭਏ ਯਜੁਰ ਕੇ ਟਲਯ ਸਲਯ ਪੁਨਿ, ਜਲ ਭਲ ਉਪਜੈ ਦਿਜ ਬੰਸ।
ਬਹੁਰ ਅਥਰਵਣ ਦਾਸੁਰ ਕੀਰਤਿ ਮਨਿ ਗਯੰਦ ਸਦ ਰੰਗ ਸੁਚਾਰ।
ਕਮਲਸਨ ਕੋ ਭਿਖਾ ਨਾਮ ਸੁ, ਉਹ ਸਭੁ ਤੇ ਭਾ ਅਧਿਕ ਉਦਾਰ।

(ਗੁ: ਪ੍ਰ: ਸੂ: ਰਾਸ ੩ ਅੰਸੂ ੪੮)

† ਭੱਟਾਂ ਦੀ ਗਿਣਤੀ ਅਤੇ ਅੰਦਰੂਨੀ ਗਵਾਹੀ ਬਾਰੇ ਬਹਸ ਕਰਨ ਦੀ ਏਥੇ ਗੁੰਜਾਇਸ਼ ਨਾ ਹੋਣ ਕਰਕੇ ਬਹਸ ਕੀਤੀ ਨਹੀਂ ਜਾ ਸਕੀ। ਅੰਕਾਂ ਦੇ ਸਿੱਧਾਂਤਾਂ ਮੁਤਾਬਕ ਭੀ ੧੧ ਭੱਟਾਂ ਵਾਲੀ ਗਲ ਗਲਤ ਹੋ ਜਾਂਦੀ ਹੈ। ਜਿਵੇਂ ਦਾਸ ਭੱਟ ਦੀ ਜਿਥੋਂ ਰਚਨਾ ਸ਼ੁਰੂ ਤੇ ਸਮਾਪਿਤ ਹੁੰਦੀ ਹੈ, ਉਥੋਂ ਅੰਕ ਬਦਲ ਜਾਂਦਾ ਹੈ ਤੇ ਉਹ ਖੁਦ ਆਪਣੇ ਆਪ ਨੂੰ 'ਦਾਸ ਭੱਟ ਬੇਨਤ ਕਹੈ' ਆਖਦਾ

(ਬਾਕੀ ਦੇਖੋ ਸਫ਼ਾ ੭੦)



Digitized by Panjab Digital Library | www.panjabdigilib.org

ਭੱਟਾਂ ਦੀ ਬਾਣੀ ਦੀ ਅੰਦਰੂਨੀ ਗਵਾਹੀ ਤੋਂ ਪ੍ਰਗਟ ਹੁੰਦਾ ਹੈ ਕਿ ਇਹ ਸਾਰੇ ਭੱਟ ਇਕੋ ਵੇਲੇ ਨਹੀਂ ਪੁਜੇ ਸੀ ਇਕ ਦੋ ਭੱਟਾਂ ਤੋਂ ਇਲਾਵਾ ਬਾਕੀ ਭੱਟ ਤਕਰੀਬਨ ਹਰ ਗੁਰੂ ਸਾਹਬ ਜੀ ਵੇਲੇ ਬਦਲ ਬਦਲ ਪੁਜਦੇ ਰਹੇ ਹਨ।

ਭੱਟਾਂ ਦੇ ਸਵਈਏ ਉਤੇ ਇਸ ਪੱਖ ਨੂੰ ਸਾਹਮਣੇ ਰਖਕੇ ਨਿਗਾਹ ਮਾਰਿਆਂ ਇਹ ਗੱਲ ਸਪੱਸ਼ਟ ਦਿਸ ਪੈਂਦੀ ਹੈ—

| | |
|---|---|
| ਗੁਰੂ ਨਾਨਕ ਦੇਵ ਜੀ ਦੀ ਉਸਤਤ— | ਕਲ |
| ਗੁਰੂ ਅੰਗਦ ਦੇਵ ਜੀ ਦੀ ਉਸਤਤ— | ਕਲ, ਕਲਸਹਾਰ, ਟਲ |
| ਗੁਰੂ ਅਮਰ ਦਾਸ ਜੀ ਦੀ ਉਸਤਤ— | ਕਲ, ਜਾਲਪ, ਜਲ, ਕੀਰਤ, ਭਿਖਾ, ਸਲ, ਭਲ |
| ਗੁਰੂ ਰਾਮ ਦਾਸ ਜੀ ਦੀ ਉਸਤਤ— | ਕਲ, ਨਲ, ਦਾਸ ਗਯੰਦ, ਸੇਵਕ ਬਲ, ਕੀਰਤ, ਸਲ |
| ਗੁਰੂ ਅਰਜਨ ਦੇਵ ਜੀ ਦੀ ਉਸਤਤ— | ਕਲ, ਮਥਰਾ ਹਰਬੰਸ |

ਉਪਰ ਆਏ ਇਸ ਵੇਰਵੇ ਤੋਂ ਸਿਧ ਹੈ ਕਿ ਗੁਰੂ ਨਾਨਕ ਜੀ ਬਾਰੇ ਕੇਵਲ ਇਕੱਲੇ ਕਲ ਨੇ ਬਾਣੀ ਰਚੀ ਸ੍ਰੀ ਗੁਰੂ ਅੰਗਦ ਦੇਵ ਜੀ ਬਾਰੇ ਕਲ, ਕਲਸਹਾਰ ਤੇ ਟਲ ਨੇ। ਕਲ ਤੇ ਕਲਸਹਾਰ ਅਤੇ ਟਲ ਤਿੰਨੇ ਪਹਲਾਂ ਗਰੂ ਅਮਰ ਦਾਸ ਜੀ ਦੀ ਗੁਰ ਗੱਦੀ ਦੀ ਰਸਮ ਵੇਲੇ ਭਿਖੇ ਨਾਲ ਗਏ ਮਲੂਮ ਹੁੰਦੇ ਹਨ। ਜਦੋਂ ਉਨ੍ਹਾਂ ਗੁਰੂ ਨਾਨਕ, ਗੁਰੂ ਅੰਗਦ ਤੇ ਫਿਰ ਗੁਰੂ ਅਮਰਦਾਸ ਜੀ ਬਾਰੇ ਸਵਈਏ ਆਖੇ। ਉਸ ਪਿਛੋਂ ਕਿਸੇ ਦੂਸਰੀ ਵਾਰ ਜ਼ਾਲਪ, ਜਲ, ਕੀਰਤ ਸਲ, ਭਲ, ਭਿਖੇ ਦੇ ਪੁਤਰ ਤੇ ਭਤੀਜੇ ਗੁਰੂ ਅਮਰ ਦਾਸ ਜੀ ਦੀ ਹਜ਼ੂਰੀ ਵਿਚ ਪਹੁੰਚੇ ਮਲੂਮ ਹੁੰਦੇ ਹਨ।

ਮਹਿਮਾ ਪ੍ਰਕਾਸ ਵਿੱਚ ਗੁਰੂ ਰਾਮ ਦਾਸ ਜੀ ਦੀ ਹਜ਼ੂਰੀ ਵਿਚ ਕਲ ਤੇ ਮਥਰਾ ਦਾ ਆਉਣਾ ਲਿਖਿਆ ਹੈ :—

ਕਲ ਭਟ ਉਸਤਤ ਕਈ ਅੰਮ੍ਰਿਤਸਰ ਪ੍ਰਥਾਇ।
ਕਲ ਅਰ ਮਥਰਾ ਭਟ ਪੁਨ ਆਏ ਭਗਤ ਭਾਏ ਪ੍ਰੇਮ ਰਸ ਛਾਏ।
(ਮਹਿਮਾ ਪ੍ਰਕਾਸ)

---

(ਸਫਾ ੬੯ ਦਾ ਬਾਕੀ)

ਹੈ, ਇਸੇ ਦਾਸ ਭੱਟ ਦੀ ਸ੍ਰੀ ਗੁਰੂ ਹਰਿ ਗੋਬਿੰਦ ਜੀ ਦੀ ਉਪਮਾਂ ਵਿੱਚ ਉਚਾਰੇ ਸਵੱਈਏ ਭੀ ਹਨ, ਪਰ ਸਾਹਿਬ ਸਿੰਘ ਤੇ ਪ੍ਰਿੰ: ਤੇਜਾ ਸਿੰਘ ਜੀ ਦਾਸ ਨੂੰ ਕਿਸੇ ਭੱਟ ਦਾ ਉਪਨਾਮ ਮੰਨ ਕੇ ਉਸ ਦੀ ਹੋਂਦ ਮਿਟਾ ਦੇਂਦੇ ਹਨ। ਇਸੇ ਤਰ੍ਹਾਂ ਟਲ ਦੀ ਉਨ੍ਹਾਂ ਹੋਂਦ ਨਹੀਂ ਮੰਨੀ। ਕਲ ਤੇ ਕਲਸਹਾਰ, ਜਾਲਪ ਤੇ ਜੱਲ ਨੂੰ ਇੱਕੋ ਦੱਸਿਆ ਹੈ, ਜੋ ਉਪਰ ਦਿੱਤੀ ਬੰਸਾਵਲੀ ਵਿੱਚ ਵੱਖੋ ਵੱਖਰੇ ਪਿਤਾਵਾਂ ਦੇ ਪੁੱਤ ਹਨ।



Digitized by Panjab Digital Library | www.panjabdigilib.org

ਪਰ ਸਵਈਆਂ ਦੇ ਉਪਰ ਦਿੜ ਵੇਰਵੇ ਤੋਂ ਪ੍ਰਗਟ ਹੈ ਕਿ ਗੁਰੂ ਰਾਮ ਦਾਸ ਜੀ ਦੀ ਉਸਤਤ ਵਿਚ ਮਥਰਾ ਦਾ ਕੋਈ ਛੰਦ ਨਹੀਂ । ਇਸਦਾ ਭਾਵ ਇਹ ਭੀ ਹੋ ਸਕਦਾ ਹੈ ਕਿ ਭੱਟ ਗੁਰੂ ਜੀ ਪਾਸ ਆਉਂਦੇ ਜਾਂਦੇ ਰਹਿੰਦੇ ਸਨ। ਇਹ ਭੀ ਸੰਭਵ ਹੈ ਕਿ ਕਈ ਭੱਟ ਕਾਫੀ ਅਰਸਾ ਗੁਰੂ ਜੀ ਪਾਸ ਟਿਕੇ ਭੀ ਰਹਿੰਦੇ ਰਹੇ ਹੋਣ । ਪਰ ਬਾਣੀ ਰਚਨਾ ਕਰਨ ਦਾ ਕੰਮ ਜਿਨ੍ਹਾਂ ਨੇ ਕੀਤਾ ਉਹ ਗੁਰੂ ਅਮਰ ਦਾਸ ਜੀ ਦੇ ਸਮੇਂ ਹੀ ਆਰੰਭ ਹੋਇਆ। *

ਬਾਬਾ ਮੋਹਨ ਵਾਲੀਆਂ ਪ੍ਰਾਪਤ ਦੋਵਾਂ ਪੋਥੀਆਂ ਵਿਚ ਭੱਟਾਂ ਦੀ ਬਾਣੀ ਨਹੀਂ ਆਈ। ਇਨ੍ਹਾਂ ਪੋਥੀਆਂ ਵਿਚੋਂ ਦੋ ਪੋਥੀਆਂ ਪਹਲੀ ਆਸਾ ਰਾਗ ਤਕ, ਤੇ ਦੂਜੀ ਵਾਰਾਂ ਦੇ ਸੰਗ੍ਰਹ ਅਤੇ ਸਲੋਕਾਂ ਵਾਲੀ ਪ੍ਰਾਪਤ ਨਹੀਂ, ਜੇ ਇਹ ਮਿਲ ਜਾਣ ਤਾਂ ਉਹ ਇਹ ਨਿਰਣਾ ਕਰਨ ਵਿਚ ਸਹਾਈ ਹੋ ਸਕਦੀਆਂ ਸਨ ਕਿ ਉਨ੍ਹਾਂ ਵਿੱਚ ਕੇਹੜੇ ਕੇਹੜੇ ਭੱਟ ਦੀ ਬਾਣੀ ਪਹਲੇ ਕੇਹੜੇ ਰੂਪ ਵਿੱਚ ਲਿਖੀ ਹੋਈ ਸੀ। ਪਰ ਇਸ ਘਾਟੇ ਨੂੰ ਗੁਰੂ ਹਰਿ ਰਾਇ ਵਾਲੀ ਪੋਥੀ ਦਾ ਪ੍ਰਾਚੀਨ ਭਾਗ ਕਾਫੀ ਹੱਦ ਤਕ ਪੂਰਾ ਕਰ ਦਿੰਦਾ ਹੈ।

ਗੁਰੂ ਹਰਿ ਸਹਾਇ ਵਾਲੀ ਪੋਥੀ ਦੇ ਪ੍ਰਾਚੀਨ ਆਦਿ ਭਾਗ ਵਿੱਚ ਕੇਵਲ ਕਲ, ਕਲਸਹਾਰ, ਟਲ ਦੀ ਹੀ ਰਚਨਾ ਲਿਖੀ ਹੋਈ ਹੈ। ਟਲ ਦਾ ਕੇਵਲ ਇਕ ਛੰਦ ਤੇ ਕਲ ਸਹਾਰ ਦੇ ਗੁਰੂ ਅੰਗਦ ਜੀ ਦੀ ਉਪਮਾ ਵਿਚ ੪ ਸਵਈਏ ਹਨ। ਬਾਕੀ ਸਾਰੀ ਭੱਟ ਬਾਣੀ ਇਕੱਲੇ ਕਲ ਦੀ ਹੈ।

ਇਕੋ ਇਕ ਕਲ ਭੱਟ ਹੈ ਜਿਸਨੇ ਸਾਰਿਆਂ ਗੁਰੂਆਂ ਦੀ ਉਪਮਾ ਵਿਚ ਬਾਣੀ ਰਚੀ ਸੀ । ਇਹ ਭਿਖੇ ਦਾ ਵੱਡਾ ਪੁਤ ਸੀ । ਬਾਣੀ ਦੀ ਰਚਨਾ

---

* ਭਾਈ ਮਨੀ ਸਿੰਘ ਜੀ ਨੇ ਸਿੱਖਾਂ ਦੀ ਭਗਤ ਮਾਲਾ ਗ੍ਰੰਥ ਵਿੱਚ ਭਾਈ ਗੁਰਦਾਸ ਜੀ ਦੀ ਪੰਜਵੇਂ ਪਾਤਸ਼ਾਹ ਦੇ ਸਿੱਖਾਂ ਪ੍ਰਤੀ ਕਹੀ ੨੧ਵੀਂ ਪਉੜੀ ਦੀ ਵਿਆਖਿਆ ਕਰਦਿਆਂ ਲਿਖਿਆ ਹੈ :—

ਸੁਲਤਾਨਪੁਰ ਦੀ ਵਾਸੀ ਸੰਗਤ ਦੇ ਸਿੱਖ ਚਾਊ ਤੇ ਬੰਮੀ ਮੂਲਾ ਤੇ ਭਾਈ ਹੇਮਾ, ਕਪਾਈ ਤੇ ਭਾਈ ਗੋਬਿੰਦ ਘੇਈ ਤੇ ਭਿਖਾ ਟੋਡਾ ਭੱਟ ਤੇ ਭਾਈ ਧਾਰੋ ਸੂਰਮਾ, ਭਾਈ ਰਾਮੂ ਕੋਹਲੀ ਤੇ ਭਾਈ ਵਿਰਾਲੂ ਤੇ ਭਾਈ ਛਜੂ, ਭਲਾ ਤੇ ਸਾਈਂਦਿਤਾ ਤੇ ਭਾਈ ਤੁਲਸਾ ਵਹੁਰਾ ਤੇ ਭਾਈ ਦਮੋਦਰ ਤੇ ਭਾਈ ਆਕਲ ਤੇ ਭਾਈ ਬੁਧੋ ਛੀਂਬਾ ਹੋਰ ਸਭ ਵਾਸੀ ਸੁਲਤਾਨਪੁਰ ਦੇ ਗੁਰੂ ਅਰਜਨ ਜੀ ਦੇ ਹਜ਼ੂਰ ਆਏ ਤੇ ਅਰਦਾਸ ਕੀਤੀ : 'ਜੀ ਅਸੀਂ ਤੀਸਰੀ ਪਾਤਸ਼ਾਹੀ ਦੇ ਸਿੱਖ ਹੋਏ ਹਾਂ ਤੇ ਅਸਾਨੂੰ ਬਚਨ ਹੋਇਆ ਸੀ, ਤੁਸਾਂ ਧਰਮ ਦੀ ਕਿਰਤਿ ਕਰ ਕੈ ਸਿੱਖਾਂ ਦੀ ਸੇਵਾ ਕਰਨੀ ਤੇ ਮਨ ਨੀਵਾਂ ਕਰਨਾ, ਮਿੱਠਾ ਬੋਲਣਾ ... ...' ਇਸ ਤੋਂ ਭੀ ਏਹੋ ਸਿੱਧ ਹੈ ਕਿ ਭਿਖਾਟੋਡਾ ਭੱਟ ਤੀਜੀ ਪਾਤਸ਼ਾਹੀ ਦ ਸਮੇਂ ਤੋਂ ਗੁਰੂ ਘਰ ਨਾਲ ਸੰਬੰਧਿਤ ਸਨ।


Digitized by Panjab Digital Library | www.panjabdigilib.org

ਵਧੇਰੇ ਮਿਕਦਾਰ ਵਿਚ ਹੋਣ ਕਾਰਣ ਬਿਨਾ ਭਿਖੇ ਤੋਂ ਬਾਕੀਆਂ ਨਾਲੋਂ ਪਹਲੇ ਦਰਜੇ ਤੇ ਹੋਣ ਕਾਰਣ ਇਸ ਦੀ ਬਾਣੀ ਨੂੰ ਪਹਲੀ ਥਾਂ ਦਿੱਤੀ ਗਈ ਹੈ। ਗੁਰੂ ਗ੍ਰੰਥ ਸਾਹਬ ਵਿੱਚ ਭਗਤ ਬਾਣੀ ਵਿੱਚ ਜਿਵੇਂ ਕਬੀਰ ਜੀ ਦੀ ਬਾਣੀ ਪਹਲਾਂ ਆਉਂਦੀ ਹੈ। ਭੱਟਾਂ ਵਿੱਚ ਉਹੋ ਦਰਜਾ ਕਲ ਨੂੰ ਦਿੱਤਾ ਗਇਆ ਹੈ।

ਕੇਵਲ ਇਕ ਥਾਂ (ਮਹਲੇ ਦੂਜੇ ਦੇ ਸਵਈਆਂ ਵਿੱਚ) ਕਲਸਹਾਰ ਦੇ ਸਵਈਏ ਵੱਧ ਹੋਣ ਕਰ ਕੇ ਪਹਲਾਂ ਆਏ ਹਨ। ਬਾਕੀ ਸਭਨਾਂ ਗੁਰੂਆਂ ਵਲ ਕੀਤੀ ਰਚਨਾ ਵਿਚ ਕਲ ਦੀ ਬਾਣੀ ਪਹਲਾਂ ਆਉਂਦੀ ਹੈ। ਗੁਰ ਹਰਿ ਸਹਾਇ ਵਾਲੀ ਆਦਿ ਪੋਥੀ ਦੇ ਪ੍ਰਾਚੀਨ ਭਾਗ ਵਿੱਚ ਜਿਥੇ ਕੱਲ ਦੇ ਸਵਈਏ ਲਿਖੇ ਹੋਏ ਹਨ, ਉਥੇ ਉਨ੍ਹਾਂ ਉਪਰ ਸੂਚਨਾ ਭੀ ਉਸ ਦਾ ਨਾਂ ਪਾ ਕੇ ਇਸ ਤਰ੍ਹਾਂ ਦਿੱਤੀਆ ਹਨ :—

ਸਵਈਏ ਗੁਰੂ ਅਮਰ ਦਾਸ ਜੀਓ ਕੇ ਕਾਲੈ ਕੇ ਬਚਨ,
ਸਵਈਏ ਗੁਰੂ ਰਾਮ ਦਾਸ ਕੇ ਕਾਲੈ ਕੇ ਬਚਨ,
ਸਵਈਏ ਸ੍ਰੀ ਗੁਰੂ ਅਰਜਨ ਕੇ ਮਹਲਾ ਪੰਜਵਾਂ ਕਾਲੈ ਕੇ ਬਚਨ।

ਬਹੁਤ ਸਾਰੀਆਂ ਪ੍ਰਾਚੀਨ ਬੀੜਾਂ ਖਾਸ ਕਰ ਕੇ ਆਦਿ ਬੀੜ ਦੀਆਂ ਨਕਲਾ ਵਿੱਚ ਇਹ ਸੂਚਨਾ ਇਉਂ ਦਿੱਤੀ ਹੋਈ ਹੈ :—

"ਸਵਈਏ ਭਟਾਂ ਕੇ ਕਲ ਤਥਾ ਹੋਰਨਾ ਕੇ।"

ਇਹ ਸੂਚਨਾ ਗੁਰੂ ਹਰਿ ਸਹਾਇ ਵਾਲੀ ਪੋਥੀ ਵਿੱਚ ਦਿੱਤੀ ਸੂਚਨਾ ਦੀ ਪ੍ਰੋੜ੍ਹਤਾ ਕਰਦੀ ਹੈ ਕਿ ਬਾਣੀ ਰਚਨ ਵਾਲਿਆਂ ਭੱਟਾਂ ਵਿੱਚ ਕਲ ਸਭ ਤੋਂ ਵੱਧ ਮਹੱਤਾ ਵਾਲਾ ਸੀ।

ਦਮਦਮੇ ਵਾਲੀ ਬੀੜ ਵਿੱਚ ਇਸ ਕਿਸਮ ਦੀਆਂ ਸੂਚਨਾ ਛਡ ਦਿੱਤੀਆਂ ਗਈਆਂ ਹਨ। ਸਾਰੇ ਸਵਈਆਂ ਵਿੱਚ ਜੇ ਕਿਸੇ ਦਾ ਨਾਂ ਦੇ ਕੇ ਸੂਚਨਾ ਦਿੱਤੀ ਹੋਈ ਹੈ ਤਾਂ ਉਹ ਕੇਵਲ ਭਿਖਾ ਹੈ ਜਿਸ ਦੇ ਸਵਈਆਂ ਤੋਂ ਪਹਲਾਂ 'ਭਿਖੇ ਕੇ' ਦੀ ਸੂਚਨਾ ਦਿੱਤੀ ਹੋਈ ਹੈ।

ਗੁਰੂ ਹਰਿ ਸਹਾਇ ਵਾਲੀ ਪੋਥੀ ਵਿੱਚ ਜਿਨ੍ਹਾਂ ਭੱਟਾਂ ਦੀ ਬਾਣੀ ਨਹੀਂ ਆਈ. ਉਨ੍ਹ ਬਾਰੇ ਦੋ ਗੱਲਾਂ ਕਹੀਆਂ ਜਾ ਸਕਦੀਆਂ ਹਨ।

(੧) ਕੁਝ ਭੱਟਾਂ ਨੇ ਤੀਜੇ ਚੌਥੇ ਤੇ ਪੰਜਵੇਂ ਗੁਰੂ ਜੀ ਦੀ ਗੱਦੀ ਨਸ਼ੀਨੀ ਵੇਲੇ ਇਹ ਬਾਣੀ ਪਿਛੋਂ ਰਚੀ ਸੀ।

(੨) ਕੁਝ ਭੱਟ ਅਜਿਹੇ ਭੀ ਹੋ ਸਕਦੇ ਹਨ ਜਿਨਾਂ ਨੇ ਗੁਰੂ ਗ੍ਰੰਥ ਸਾਹਬ ਦੀ ਸਾਜਨਾ ਵੇਲੇ ਬਾਣੀ ਦੀ ਰਚਨਾ ਕੀਤੀ ਹੋਵੇ

ਗੱਦੀ ਨਸ਼ੀਨੀ ਵੇਲੇ ਰਾਏ ਬਲਵੰਡ ਵਲੋਂ ਰਚੀ ਜਾਂਦੀ 'ਟਿਕੇ ਦੀ ਵਾਰ' ਦੀਆਂ ਪਉੜੀਆਂ ਇਸ ਗੱਲ ਦਾ ਪ੍ਰਮਾਣ ਹਨ ਕਿ ਇਸ ਸ਼ੁਭ ਮੌਕੇ ਉਤੇ ਭੱਟ ਤੇ ਰਾਏ ਭੱਟ


Digitized by Panjab Digital Library | www.panjabdigilib.org

ਰਾਜਿਆਂ ਦੇ ਗੱਦੀ ਬੈਠਣ ਦੀ ਚਲੀ ਆ ਰਹੀ ਰੀਤੀ ਅਨੁਸਾਰ, ਗੁਰੂ ਸਾਹਬਾਂ ਦੀ ਗੁਰੂ ਗੱਦੀ ਦੀ ਰਸਮ ਵੇਲੇ ਉਸਤਤ ਪਾਠ ਕਰਦੇ ਸਨ। ਜਿਵੇਂ ਰਾਇ ਬਲਵੰਡ ਤੇ ਸੱਤੇ ਡੂੰਮ ਦੀਆਂ ਰਚੀਆਂ ਪਉੜੀਆਂ ਸਾਡੇ ਪਾਸ ਮੌਜੂਦ ਹਨ। ਬਲਵੰਡ ਡੂੰਮ ਦੀਆਂ ਛੇਵੇਂ ਗੁਰੂ ਜੀ ਦੀ ਗੱਦੀ-ਨਸ਼ੀਨੀ ਵੇਲੇ ਕਹੀਆਂ ਦੋ ਪਉੜੀਆਂ ਰਾਵਲਪਿੰਡੀ ਵਾਲੀ ਬੀੜ ਵਿੱਚੋਂ ਲਿਖੀਆਂ ਮਿਲੀਆਂ ਹਨ। ਇਸ ਤਰ੍ਹਾਂ ਭਿਖੇ ਦੇ ਭਤੀਜੇ ਤੋਖੇ ਦੇ ਪੁਤਰ ਦਾਸ ਭੱਟ ਦੇ ਸਵਈਏ (ਜਿਸ ਨੇ ਪਹਲਾਂ ਗੁਰੂ ਰਾਮ ਦਾਸ ਜੀ ਬਾਰੇ ਸਵਈਏ ਆਖੇ ਸਨ) ਛੇਵੇਂ ਗੁਰੂ ਜੀ ਦੀ ਗੁਰ-ਗੱਦੀ ਸਮੇਂ ਉਚਾਰੇ ਚਾਰ ਸਵਈਏ ਪ੍ਰਾਪਤ ਹਨ। ਅਬਦੁਲ ਨਥਮਲ ਪਿੰਡ ਸੁਰ ਸਿੰਘ ਦੇ ਢਾਡੀਆਂ ਦੀਆਂ ਕਹੀਆਂ ਤਖਤ ਬੈਠਣ ਵੇਲੇ ਦੀਆਂ ਪਉੜੀਆਂ ਭੀ ਇਹ ਪ੍ਰਗਟ ਕਰਦੀਆਂ ਹਨ ਕਿ ਗੱਦੀ-ਨਸ਼ੀਨੀ ਵੇਲੇ ਭੱਟ, ਰਾਏ ਭੱਟ, ਡੂਮ ਢਾਡੀ ਆਦਿਕ ਉਸਤਤ ਦੇ ਛੰਦ ਰਚਦੇ ਸਨ। ਇਨ੍ਹਾਂ ਰਚਨਾਵਾਂ ਦਾ ਸ੍ਰੀ ਗੁਰੂ ਗ੍ਰੰਥ ਸਾਹਬ ਦੀ ਸਾਜਣਾ ਹੋਣ ਤੱਕ ਦਾ ਪ੍ਰਾਪਤ ਭਾਗ ਆਦਿ ਬੀੜ ਵਿੱਚ ਟਿਕੇ ਦੀ ਵਾਰ ਤੇ ਭੱਟਾਂ ਦੇ ਸਵਈਆਂ ਦੇ ਰੂਪ ਵਿੱਚ ਦਰਜ ਹੈ। ਜਿਨ੍ਹਾਂ ਭੱਟਾਂ ਦੇ ਆਦਿ ਬੀੜ ਦੀ ਤਿਆਰੀ ਵੇਲੇ ਬਾਣੀ ਰਚੀ ਜਾਂ ਅਗੋਂ ਪਿਛੋਂ ਗੁਰੂ ਉਸਤਤ ਕੀਤੀ, ਜਿੰਨੀ ਪਰਵਾਨ ਚੜ੍ਹੀ ਉਹ ਰਚਨਾ ਭੀ ਆਦਿ ਗ੍ਰੰਥ ਵਿੱਚ ਚੜ੍ਹਾਈ ਗਈ ਹੈ ਅਤੇ ਇਹ ਗੁਰ ਉਪਮਾ ਦੇ ਵਿਸ਼ੇ ਤੇ ਉੱਚੇ ਸਾਹਿਤਕ ਗੁਣਾਂ ਕਾਰਣ ਖਾਸ ਥਾਂ ਰਖਦੀ ਹੈ।

## ਭੱਟਾਂ ਦੀ ਰਚਨਾ

ਭੱਟਾਂ ਦੀ ਰਚਨਾ ਕੇਵਲ ਆਦਿ ਗੁਰੂ ਗ੍ਰੰਥ ਸਾਹਬ ਵਿੱਚ ਆਏ ਸਵਈਏ ਹੀ ਨਹੀਂ, ਇਨ੍ਹਾਂ ਦੀਆਂ ਕਈ ਹੋਰ ਕਿਰਤਾਂ ਵੀ ਮਿਲਦੀਆਂ ਹਨ। ਪੁਰਾਣੀਆਂ ਵਹੀਆਂ ਵਿੱਚ ਵਖੋ ਵਖਰੇ ਭੱਟਾਂ ਦੇ ਸਮੇ ਸਮੇ ਕਹੇ ਬਹੁਤ ਸਾਰੇ ਦੋਹੇ ਤੇ ਛੰਦ ਬਹੁਤ ਵਧੀਆ ਸਾਹਿੱਤਕ ਪੰਜਾਬੀ ਦੀਆਂ ਰਚਨਾਵਾਂ ਹਨ। ਕਈ ਪ੍ਰੀਤ ਗਾਥਾ ਤੇ ਬੀਰ ਕਥਾਵਾਂ ਭੱਟਾਂ ਤੋਂ ਸੁਣਕੇ ਸਰ ਰਿਚਰਡ ਟੈਂਪਲ ਆਦਿ ਵਿਦਵਾਨਾਂ ਨੇ ਲਿਖੀਆਂ ਸਨ। ਜਿਨ੍ਹਾਂ ਵਿੱਚ ਰਾਜੇ ਰਸਾਲੂ ਦੀ ਕਹਾਣੀ ਤ ਉਸਦੇ ਇੱਕ ਵਜ਼ੀਰ ਦੀ ਵਹੁਟੀ ਸ਼ੀਲਾ ਦੇਵੀ ਦੀ ਕਥਾ ਦੋ ਭੱਟਾਂ ਨੇ ਕਾਫੀ ਵਿਸਤਾਰ ਨਾਲ ਲਿਖੀ ਹੈ। ਗੰਗ ਭੱਟ ਦਾ ਲਿਖਿਆ ਹੋਇਆ 'ਝਗੜਾ ਹੀਰ ਰਾਂਝੇ ਦਾ ਇਕ ਲਿਖਤੀ ਪੋਥੀ ਵਿੱਚ ਮਿਲਦਾ ਹੈ।*

ਸੇਵਾ ਸਿੰਘ ਭੱਟ ਦਾ ਲਿਖਿਆ 'ਸ਼ਹੀਦ ਬਿਲਾਸ' ਭਾਈ ਮਨੀ ਸਿੰਘ

---

* ਝਗੜਾ ਹੀਰ ਰਾਂਝੇ ਕਾ ਕ੍ਰਿਤ ਗੰਗ ਭੱਟ ਸ: ਰਣਧੀਰ ਸਿੰਘ ਇਤਿਹਾਸ ਖੋਜੀ ਜੀ ਪਾਸ ਇਕ ਪ੍ਰਾਚੀਨ ਪੋਥੀ ਵਿੱਚ ਲਿਖਿਆ ਮਿਲਿਆ ਹੈ।



Digitized by Panjab Digital Library | www.panjabdigilib.org

ਦੇ ਜੀਵਨ ਬਾਰੇ ਪ੍ਰਾਮਾਣਿਕ ਹਾਲਾਤ ਭਰੀ ਇਕ ਪੁਸਤਕ ਛਪਕੇ ਸਾਹਮਣੇ ਆਉਣ ਵਾਲੀ ਹੈ।* ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਕਵੀਆਂ ਵਿੱਚ ਕਈ ਭੱਟ ਸਨ (ਜਿਵੇਂ ਹੀਰ ਅੰਮ੍ਰਿਤ ਰਾਇ) ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰੀਆਂ ਵਿੱਚ ਇਕ ਗਵਾਲ ਭੱਟ ਸੀ। ਜਿਸਨੇ ਪੰਡਤ ਚਾਂਦ ਦੇ ਕਹਣ ਤੇ ਰਣਜੀਤ ਸਿੰਘ ਦੇ ਗੁਜ਼ਰਨ ਤੋਂ ਪਿਛਲੇ ਪੰਜਾਂ ਸਾਲਾਂ ਦੇ ਹਾਲ 'ਵਿਜਯ ਵਿਨੋਦ' ਨਾਮੀ ਗ੍ਰੰਥ ਵਿੱਚ ਲਿਖੇ ਸਨ।† ਹਾਲਾਂ ਇਸ ਪੱਖ ਤੋਂ ਕਿਸੇ ਵਿਦਵਾਨ ਨੇ ਪੁਰਾਣੀਆਂ ਲਿਖਤਾਂ, ਵਹੀਆਂ ਤੇ ਹੋਰ ਸੋਮਿਆਂ ਤੋਂ ਭੱਟਾਂ ਦਾ ਸਾਹਿੱਤ ਇਕੱਤਰ ਕਰਨ ਦੀ ਕਿਸੇ ਨੇ ਕੋਸ਼ਿਸ਼ ਨਹੀਂ ਕੀਤੀ, (ਜਿਸ ਬਾਰੇ ਹੁਣ ਆਸ ਕਰਨੀ ਚਾਹੀਏ ਕਿ ਜ਼ਰੂਰ ਹੋਵੇਗੀ) ਥੋੜੀ ਜਿਹੀ ਪਰ ਰਚਕੇ ਕੀਤੀ ਮਿਹਨਤ ਆਸ਼ਾ ਹੈ ਸਾਡੇ ਸਾਹਮਣੇ ਇਤਨੀ ਮਾਤਰਾ ਵਿੱਚ ਭੱਟ ਸਾਹਿੱਤ ਲਿਆ ਦੇਵੇਗੀ ਜਿਸ ਉਤੇ ਕਈ ਸੰਪ੍ਰਾਦਕ ਤੇ ਲੇਖਕ ਆਪਣੀਆਂ ਕਲਮਾਂ ਨੂੰ ਸੁਭਾਗੀਆਂ ਬਣਾ ਸਕਣਗੇ। ਇਸ ਲੇਖ ਦਾ ਅਕਾਰ ਵਧ ਜਾਣ ਕਰਕੇ ਭੱਟਾਂ ਦੀਆਂ ਰਚਨਾਵਾਂ ਦੀ ਬੋਲੀ ਅਤੇ ਉਨ੍ਹਾਂ ਦੀ ਸਾਹਿਤਕ ਮਹੱਤਾ ਬਾਰੇ ਕੁਝ ਆਖਣ ਤੋਂ ਬਿਨਾਂ ਹੀ ਭੱਟਾਂ ਦੇ ਸਾਹਿਤ ਦੀਆਂ ਕੁਝ ਵੰਨਗੀਆਂ ਸਾਹਿਤ ਖੋਜੀਆਂ ਸਾਹਮਣੇ ਰਖਦੇ ਹਾਂ ਤਾਕਿ ਸਾਡੇ ਅੱਜ ਦੇ ਯੁਗ ਦੇ ਆਲੋਚਕ ਤੁਲਨਾਤਮਕ ਅਧਿਐਨ ਕਰ ਕੇ ਇਨ੍ਹਾਂ ਦੀਆਂ ਰਚਨਾਵਾਂ ਨੂੰ ਵੀ ਸਾਹਿੱਤ ਦੇ ਇਤਿਹਾਸ ਆਦਿ ਦੀਆਂ ਪੁਸਤਕਾਂ ਵਿੱਚ ਕਿਧਰੇ ਕੋਈ ਥਾਂ ਦੇ ਸਕਣ।

ਹਾਲਾਂ ਤੱਕ ਇਕੇ ਦੁਕੇ ਦੋਹੇ ਛੱਡ ਕੇ ਗੁਰੂ ਸਾਹਬਾਂ ਦੀ ਉਸਤਤ ਵਿੱਚ ਕਹੇ ਹੋਏ ਸਵੱਈਆਂ ਤੇ ਛੰਦਾਂ ਤੋਂ ਬਿਨਾ ਭੱਟਾਂ ਦੀ ਕੋਈ ਅਜਿਹੀ ਕਾਵਿ-ਰਚਨਾ ਨਹੀਂ ਮਿਲੀ, ਜਿਸ ਨੂੰ ਅਸੀਂ ਤਸੱਲੀ ਨਾਲ 'ਗੁਰੂ ਸਾਹਿੱਤ' ਦੇ ਕਾਲ ਤੋਂ ਪਹਲਾਂ ਦੀ ਆਖ ਸਕੀਏ।

ਰਾਜਾ ਰਸਾਲੂ ਤੇ ਉਸ ਜਿਹੀਆਂ ਕਥਾਵਾਂ ਨੂੰ ਸ਼ਬਦੀ ਵੇਸ ਵਿੱਚ ਸਭਾਲ ਕੇ ਰੱਖਣ ਵਾਲੀਆਂ ਰਚਨਾਵਾਂ ਗੁਰੂ ਸਾਹਿੱਤ ਤੋਂ ਪਹਲਾਂ ਦੀਆਂ ਕਹੀਆਂ ਜਾ ਸਕਦੀਆਂ ਹਨ, ਜਿਨ੍ਹਾਂ ਦੀ ਸ਼ਬਦਾਵਲੀ ਤੇ ਸ਼ੈਲੀ ਇਸ ਬਾਰੇ ਨਿੱਗਰ ਪ੍ਰਮਾਣ ਪੇਸ਼ ਕਰਦੀ ਹੈ, ਪਰ ਕੋਈ ਪ੍ਰਾਮਾਣਿਕ ਹੱਥ ਲਿਖਤ ਪੱਤਰੀ ਪ੍ਰਾਪਤ ਨਾ ਹੋਣ

---

* 'ਸ਼ਹੀਦ ਬਿਲਾਸ' ਭਾਈ ਮਨੀ ਸਿੰਘ ਗਿਆਨੀ ਗਰਜਾ ਸਿੰਘ ਜੀ ਦੀ ਸੰਪਾਦਨ ਕੀਤੀ, ਪੰਜਾਬੀ ਸਾਹਿੱਤ ਅਕਾਡਮੀ, ਲੁਧਿਆਣਾ ਵਲੋਂ ਛਾਪੀ ਜਾ ਰਹੀ ਹੈ।

† 'ਵਿਜਯ ਵਿਨੋਦ' ਪੁਸਤਕ ਸ: ਸ਼ਮਸ਼ੇਰ ਸਿੰਘ 'ਅਸ਼ੋਕ' ਨੇ ਪ੍ਰਾਚੀਨ ਜੰਗ-ਨਾਮਿਆਂ ਵਿਚ ਸੰਪਾਦਨ ਕਰਕੇ ਸ਼੍ਰੋਮਣੀ ਕਮੇਟੀ ਵਲੋਂ ਛਪਵਾਈ ਹੈ।

(ਵੇਖੋ ਪੰਨਾ ੧੦੭ ਤੋਂ ੧੯੦ ਪ੍ਰਾਚੀਨ ਜੰਗ-ਨਾਮੇ)



Digitized by Panjab Digital Library | www.panjabdigilib.org

ਕਰਕੇ ਇਹ ਗੱਲ ਹਾਲਾਂ ਜ਼ੋਰ ਨਾਲ ਨਹੀਂ ਆਖੀ ਜਾ ਸਕਦੀ । ਉਂਞ ਜਿਸ ਤਰ੍ਹਾਂ ਨਾਥਾਂ ਤੇ ਜੋਗੀਆਂ ਦੀਆਂ ਰਚਨਾਵਾਂ ਦੀ ਗੁਰੂ ਸਾਹਿਬਾਂ ਤੋਂ ਪਹਿਲਾਂ ਦੀ ਕੋਈ ਲਿਖਤ ਨਾ ਮਿਲਣ ਤੇ ਭੀ ਉਨ੍ਹਾਂ ਦੀਆਂ ਰਚਨਾਵਾਂ ਨੂੰ ਕੇਵਲ ਨਾਥਾਂ ਜੋਗੀਆਂ ਦੇ ਪਹਿਲਾਂ ਹੋਣ ਕਰਕੇ ਪਹਿਲਾਂ ਦੀਆਂ ਮੰਨਿਆ ਜਾਂਦਾ ਹੈ, ਇਸ ਤਰ੍ਹਾਂ ਭੱਟਾਂ ਦੀਆਂ ਜਿਨ੍ਹਾਂ ਹਸਤੀਆਂ ਬਾਰੇ ਭੱਟਾਂ ਦੀਆਂ ਰਚਨਾਵਾਂ ਹੈਨ, ਜੇ ਉਹ ਉਨ੍ਹਾਂ ਦੀਆਂ ਸਮਕਾਲੀ ਨਹੀਂ ਤਾਂ ਇੱਕ ਅੱਧ ਪੀਹੜੀ ਪਿਛੋਂ ਦੀਆਂ ਜ਼ਰੂਰ ਮੰਨਣਾ ਪਵੇਗਾ । ਲੋਕ-ਸਾਹਿੱਤ ਵਾਂਗ ਭੱਟ ਸਾਹਿੱਤ ਬੇਸ਼ਕ ਲੋੜ ਅਨੁਸਾਰ ਬਦਲਦਾ ਆਇਆ ਹੈ, ਪਰ ਫਿਰ ਭੀ ਇਸ ਦੇ ਮੂਲ-ਤੱਤ੍ਵ ਤੇ ਕਥਾਵਾਂ ਦੇ ਕਈ ਹਿੱਸੇ ਪੁਰਾਣੇ ਸਿੱਧ ਹੋ ਜਾਂਦੇ ਹਨ । ਭੱਟਾਂ ਦੇ ਸਾਹਿੱਤ ਦਾ ਸਮਾ ਕ੍ਰਾਇਮ ਕਰਨ ਵਾਲੀ ਬਹਸ ਬੜੀ ਦਿਲਚਸਪ ਹੈ, ਪਰ ਹਾਲਾਂ ਜਿਤਨਾ ਚਿਰ ਪੂਰੀ ਸਾਮਗ੍ਰੀ ਟਟੋਲੀ ਨਹੀਂ ਜਾਂਦੀ, ਇਸ ਬਾਰੇ ਕੁਝ ਜ਼ਿਆਦਾ ਆਖਣਾ ਠੀਕ ਨਹੀਂ ਹੋਵੇਗਾ ।

## ਦਾਸ ਭੱਟ ਦੇ ਸਵਈਏ

ਗੁਰੂ ਸਾਹਿਬਾਂ ਦੀ ਉਸਤਤ ਵਿੱਚ ਕਹੇ ਗਏ ਸਵਈਆਂ ਪਿਛੋਂ ਪਹਿਲੀ ਪ੍ਰਾਮਾਣਿਕ ਲਿਖਤ ਦਾਸ ਭੱਟ ਦੇ ਛੇਵੇਂ ਗੁਰੂ ਜੀ ਦੀ ਉਸਤਤ ਵਿੱਚ ਕਹੇ ਸਵਈਏ ਹਨ । ਗੁਰ ਬਿਲਾਸ ਦੇ ਲੇਖਕ ਨੇ ਇਨ੍ਹਾਂ ਨੂੰ ਪ੍ਰਸੰਗ ਅਨੁਸਾਰ ਦੇ ਕੇ ਜੇ ਉਪਕਾਰ ਨਾ ਕੀਤਾ ਹੁੰਦਾ ਤਾਂ ਇਹ ਸਵਈਏ ਸਾਨੂੰ ਸ਼ਾਇਦ ਕਿਤੋਂ ਭੀ ਨਾ ਮਿਲਦੇ । ਭੱਟ ਵਹੀਆਂ ਵਿੱਚ ਪਹਿਲੇ ਗੁਰੂ ਸਾਹਿਬਾਂ ਬਾਰੇ ਕਹੇ ਗਏ ਤੇ ਇਹ ਸਵਈਏ ਹੈ ਨਹੀਂ । ਇਸ ਪਿਛੋਂ ਦਸਵੇਂ ਗੁਰੂ ਜੀ ਦੀ ਗੁਰ-ਗੱਦੀ ਤੱਕ ਇਸ ਤਰ੍ਹਾਂ ਦੀਆਂ ਰਚਨਾਵਾਂ ਖਬਰੇ ਹੋਰ ਕਿੰਨੀਆਂ ਕੁ ਰਚੀਆਂ ਗਈਆਂ ਸਨ ? ਜੇ ਉਨ੍ਹਾਂ ਦੀ ਕਿਧਰੇ ਸੰਭਾਲ ਹੋਈ ਹੁੰਦੀ ਤਾਂ ਕਿੰਨਾ ਚੰਗਾ ਹੁੰਦਾ ?

ਦਾਸ ਭੱਟ ਤੋਖੇ ਦਾ ਪੁੱਤ ਸੀ । ਇਸ ਨੇ ਪਹਿਲਾਂ ਮਹਲੇ ਚੌਥੇ ਦੇ ਸਵਈਆਂ ਵਿੱਚ ਗੁਰੂ ਉਪਮਾ (ਗੁਰੂ ਗੁਰੂ ਗੁਰੂ ਕਰ ਮਾਨੀਆ*) ਵਿਚ ੮ ਸਵਈਏ (ਜਿਨ੍ਹਾਂ ਵਿੱਚ ਇਕ ਨਲ ਦਾ ਹੈ) ਰਚੇ ਸਨ । ਉਸ ਪਿਛੋਂ ਮਹਲੇ ਪੰਜਵੇਂ ਦੇ ਸਵਈਆਂ ਵਿੱਚ ਇਸ ਦਾ ਕੋਈ ਛੰਦ ਜਾਂ ਸਵਈਆ ਨਹੀਂ । ਗੁਰੂ ਹਰਿ ਗੋਬਿੰਦ ਜੀ ਦੇ ਤਿਲਕ ਸਮੇਂ ਇਹ ਪਹੁੰਚਿਆ ਹੋਇਆ ਸੀ । ਗੁਰ ਬਿਲਾਸ ਪਾਤਸ਼ਾਹੀ ਛੇਵੀਂ ਦੇ ਲੇਖਕ ਨੇ (ਹਥ ਲਿਖਤ ਪਤਰਾ ੧੭੩) ਉਤੇ ਇਸ ਤਰ੍ਹਾਂ ਲਿਖਿਆ ਹੈ :—

**ਦੋਹਰਾ**

ਬੀਰਾਸਨ ਬੈਠੇ ਗੁਰੂ ਪ੍ਰਭੂ ਤਿਲਕ ਤਬ ਦੀਨ ।

---

* ਦੇਖੋ ਸ੍ਰੀ ਗੁਰੂ ਗ੍ਰੰਥ ਸਾਹਿਬ ਪਨਾ ੧੩੯੯ ੪ ਅੰਕ ਤੋਂ ਅਤੇ ੮ ਅੰਕ ਤਕ, ਜਿਥੋਂ ਅੰਕ ਦੂਹਰਾ ਚਲਦਾ ਹੈ ।



Digitized by Panjab Digital Library | www.panjabdigilib.org

ਸਿਖ ਪੰਗਤ ਐਸੇ ਲਖਿਤੇ ਸਾਹਿਬ ਬੁੱਢੇ ਹੀਨ । ੩੮ ।
ਬਹੁ ਮੰਗਲ ਤਬ ਹੀ ਭਯੋ ਸ੍ਰੀ ਗੁਰ ਰੂਪ ਦਿਖਾਏ ।
ਦਾਸ ਕਵੀ ਉਸਤਤ ਕਰੀ ਪਾਂਚ ਸਵਯੇ ਗਾਇ । ੩੯ ।
ਸੋਹਤ ਸੀਸ ਧਰੇ ਕਲਗੀ ਰਵਿ ਕੀ ਪ੍ਰਤਿਭਾ ਜਿਹ ਦੇਖ ਲਜਾਵੈ ।
ਜਿਗਾ ਗੁਰੂ ਮਸਤਕ ਪੈ ਛਬ ਪਾਵਤ, ਦੇਖ ਸਸੀ ਮਨ ਮੈਂ ਖੁਨਸਾਵੈ ।
ਮੁਖ ਮੰਡਲ ਕੀ ਛਬ ਕੈਸੇ ਕਹੋਂ ਸਮ ਧਾਵਤ ਕੋਇ ਨਾ ਨੈਨ ਦਿਖਾਵੈ ।
ਸੁੰਦਰ ਐਸੇ ਸਰੂਪ ਕੇ ਊਪਰ ਦਾਸ ਕਵੀ ਸਿਖ ਕੇ ਬਲ ਜਾਵੈ । ੪੦ ।
ਬੀਰ ਬਰਾਸਨਿ ਸੋਹ ਨਿਧਾਸਨ ਪੰਕਜ ਹਾਥ ਸੇ ਬਾਨ ਫਿਰਾਵੈ ।
ਕੰਠ ਬਿਖੈ ਅਸਿ ਦੋਇ ਬਿਰਾਜਤ ਚਰਮ ਸੁ ਸੁੰਦਰ ਪੀਠ ਸੁਹਾਵੈ ।
ਬਾਵੇ ਹੀ ਹਾਥ ਵਿਖੈ ਧਨਰਾਜਤ ਦੇਖ ਗਾਡੀਂਵ ਮਨੈ ਸੁਕਚਾਵੈ ।
ਸੁੰਦਰ ਐਸੇ ਸਰੂਪ ਕੇ ਊਪਰ ਦਾਸ ਕਵੀ ਸਿਖ ਕੇ ਬਲ ਜਾਵੈ । ੪੧ ।
ਸੁੰਦਰ ਮੋਤ ਦੁ ਕੂਲਹੁ ਵਾੜ ਦੇਖ ਛਟਾ ਮਨ ਮੈਂ ਖੁਨਸਾਵੈ ।
ਸਾਜਲ ਮੇਘ ਸਮਾਨ ਤਨੂੰ ਪਿਖ ਰੰਚ ਸਿਆਮ ਗੁਰੂ ਤਨ ਭਾਵੈ ।
ਰਾਮ ਔ ਕ੍ਰਿਸ਼ਨ ਸਮਾਨ ਬਿਰਾਜਤ ਤਿਉਂ ਨਿਸ ਦਾਸਨ ਘਾਮ ਮਿਟਾਵੈ ।
ਸੁੰਦਰ ਐਸੇ ਸਰੂਪ ਕੇ ਊਪਰ ਦਾਸ ਕਵੀ ਪਿਖ ਕੇ ਬਲ ਜਾਵੈ । ੪੨ ।
ਜਾਂ ਚਤੁਰਾਨਨ ਖੋਜਤ ਹੈ ਕਛ ਅੰਤ ਨ ਨੇਤਹਿ ਨੇਤਿ ਸੁਨਾਵੈ ।
ਜੋ ਭਗਵੰਤ ਭਯੋ ਵਸ ਸੰਤ ਬਿਰਾਜ ਕੈ ਤਖਤ ਮਹਾਂ ਛਬ ਪਾਵੈ ।
ਸੰਗਤ ਸਿਖ ਨਿਹਾਲ ਕੀ ਏ ਗੁਰ ਕੋਟ ਰਵੀ ਲਖ ਤੇਜ ਲੁਪਾਵੈ ।
ਸੁੰਦਰ ਐਸੇ ਸਰੂਪ ਕੇ ਊਪਰ ਦਾਸ ਕਵੀ ਪਿਖ ਕੇ ਬਲ ਜਾਵੈ । ੪੩ ।
ਆਗੇ ਜੁ ਸਿਖ ਅਪਾਰ ਖੜੇ ਗੁਰ ਦਰਸਨ ਦੇਖਣ ਕੋ ਅਕਲਾਵੈ ।
ਬ੍ਰਹਮ ਮੁਨੀ ਸ਼ਿਵ ਧਿਆਨਾ ਨਾ ਪਾਵਤ ਸੋਊ ਧਰਾ ਪ੍ਰਭ ਤਖਤ ਸੁਹਾਵੈ ।
ਦੀਨ ਦਿਆਲ ਸਦਾ ਕਿਰਪਾਲ ਸੁ ਦਾਸ ਬਿਹਾਲ ਕਰੈ ਗੁਨ ਗਾਵੈ ।
ਸੁੰਦਰ ਐਸੇ ਸਰੂਪ ਕੇ ਊਪਰ ਦਾਸ ਕਵੀ ਪਿਖ ਕੈ ਬਲ ਜਾਵੈ । ੪੪ ।

ਦੋਹਰਾ

ਕਵਿ ਉਸਤਤਿ ਗੁਰ ਕੀ ਕਰੀ ਇਹ ਇਛਾ ਮੁਹਿ ਪੂਰ ।
ਤੁਮਰੇ ਗੁਨ ਨਿਸਦਿਨ ਕਹੋਂ ਮਨ ਵਿਖੇਪ ਕਰ ਦੂਰ । ੪੫ ।

ਦਾਸ ਭੱਟ ਦੇ ਜਿਨ੍ਹਾਂ ਸਵੱਈਆਂ ਵਿਚ ਉਸ ਦੀ ਪੰਡਤਾਈ ਅਤੇ ਕਾਵਿ ਰੂਪਾਂ ਤੇ ਪੁਰਾਣਕ ਰੰਗਣ ਚੰਗੀ ਗੂੜ੍ਹੀ ਚੜ੍ਹੀ ਹੋਈ ਹੈ। ਗੁਰੂ ਸਾਹਿਬਾਂ ਦੇ ਭੱਟਾਂ ਦੀ ਰਚਨਾ ਉਨ੍ਹਾਂ ਦੇ ਵਰਤੇ ਛੰਦ ਅਤੇ ਛੰਦਾਂ ਵਿਚ ਅਲੰਕਾਰ ਪ੍ਰਗਟ ਕਰਦੇ ਹਨ ਕਿ ਇਹ ਭੱਟ ਸਾਧਾਰਨ ਤੁਕ-ਬੰਦੀ ਕਰਨ ਵਾਲੇ ਨਹੀਂ, ਸਗੋਂ ਚੰਗੇ ਪੜ੍ਹੇ


Digitized by Panjab Digital Library | www.panjabdigilib.org

ਗੂੜ੍ਹੇ ਹੋਏ ਸਨ। ਇਨ੍ਹਾਂ ਦੀ ਬੋਲੀ ਵਿਚ ਰਾਜਸਥਾਨੀ (ਡਿੰਗਲ ਤੇ ਪਿੰਗਲ) ਦੀ ਵਰਤੋਂ ਤੋਂ ਇਹ ਭੀ ਮਾਲੂਮ ਹੁੰਦਾ ਹੈ ਕਿ ਇਹ ਦੇਸ ਦੇਸਾਂਤਰ ਭ੍ਰਮਣ ਕਰਨ ਵਾਲੇ ਭੀ ਸਨ ਗੁਰੂ ਸਾਹਬਾਂ ਦੇ ਸੰਪਰਕ ਵਿਚ ਆਉਣ ਪਿੱਛੋਂ ਭੱਟ ਕਿਤੇ ਭੀ ਨਹੀਂ ਸਨ ਰਹੇ, ਸਗੋਂ ਗੁਰੂ ਜੀ ਦੇ ਜੰਗਾਂ ਜੁੱਧਾਂ ਵਿਚ ਰਣ ਮੈਦਾਨ ਲੜ ਕੇ ਸ਼ਹੀਦੀਆਂ ਭੀ ਪਾਉਂਦੇ ਰਹੇ ਹਨ। ਭੱਟ-ਵਹੀ ਦੇ ਇੱਕ ਲੇਖ ਮੁਤਾਬਕ ਕੀਰਤ ਭੱਟ ਜਿਸ ਦੀ ਗੁਰੂ ਅਮਰਦਾਸ ਤੇ ਗੁਰੂ ਰਾਮਦਾਸ ਜੀ ਦੇ ਸਵੱਈਆਂ ਵਿੱਚ ਰਚਨਾ ਹੈ, ੧੬੯੧ ਨੂੰ ਗੁਰੂ ਚੱਕ (ਅੰਮ੍ਰਿਤਸਰ) ਵਿਚ ਮੁਖਲਸ ਖਾਂ ਨਾਲ ਹੋਈ ਲੜਾਈ ਵਿਚ ਸ਼ਹੀਦ ਹੋ ਗਇਆ ਸੀ। ਇਸ ਲੜਾਈ ਵਿੱਚ ਚੂੰਕਿ ਭੱਟਾਂ ਦਾ ਜਜਮਾਨ ਭਾਈ ਮਨੀ ਸਿੰਘ ਦਾ ਦਾਦਾ ਬਲੂ ਭੀ ਸ਼ਹੀਦ ਹੋ ਗਇਆ ਸੀ, ਉਸ ਦੀ ਬੀਰ-ਗਤੀ ਦਾ ਵਰਣਨ ਕਰਦਿਆਂ ਨਾਲ ਕੀਰਤ ਭੱਟ ਦੇ ਮਰਨ ਦਾ ਭੀ ਜਿਕਰ ਦਿੱਤਾ ਹੈ:—

> ਬਾਲੂ ਮੂਲੇ ਕਾ ਪੋਤਾ ਰਾਊ ਕਾ ਪੜਪੋਤਾ ਚਾਹੜ ਕਾ ਚੰਦਰਵੰਸੀ ਭਾਰਦਵਾਜੀ ਗੋਤਰਾ ਪੰਵਾਰ ਬੰਸ ਬੀਂਝੇ ਕਾ ਬੰਝਰਉਤ ਰਦਉਤ ਜਲਹਾਨਾ ਮਿਤੀ ਬੈਸਾਖ ਪ੍ਰਵਿਸ਼ਟੇ ੧੭ ਸੰਬਤ ੧੬੯੧ ਕੋ ਗੁਰ ਚਕ ਕੇ ਮਲਿਹਾਨ ਗੁਰੂ ਕੇ ਹੁਕਮ ਗੈਲ ਸਾਮੈ ਮਥੈ ਮੁਰਤਜਾ ਖਾਨ ਕੋ ਰਣ ਮੈਂ ਮਾਰ ਕਰ ਜੂਝਾ। ਗੈਲੋਂ ਕੀਰਤ ਬੇਟਾ ਭਿਖਾ ਕਾ ਪੋਤਾ ਰਈਆ ਕਾ ਪੜਪੋਤਾ ਨਰਸੀ ਕਾ ਬੰਸ ਭਗੀਰਥ ਕਾ ਕੌਸ਼ਸ਼ ਗੋਤਰਾ ਗੌੜ ਬ੍ਰਾਹਮਣ ਰਣ ਮੈ ਜੂਝ ਕਰ ਮਰਾ। ਆਗੈ ਗੁਰੂ ਭਾਣੈ ਕਾ ਖਾਵੰਦ। ਗੁਰੂ ਕੀ ਗਤ ਗੁਰੂ ਜਾਣੈ. ਗੁਰੂ ਗੁਰੂ ਜਪਣਾ।
>
> (ਭਟਵਹੀ ਤਲਾਉਢਾ ਪਰਗਣਾ ਜੀਂਦ)

ਬਲੂ ਦੀ ਇਸ ਸ਼ਹੀਦੀ ਉਤੇ ਭਿਖੇ ਦੇ ਭਰਾ ਚੋਖੇ ਦੀ ਕੁਝ ਛੰਦ ਰਚਨਾ ਭੀ ਕੀਤੀ ਮਿਲੀ ਹੈ, ਜਿਸ ਨੂੰ ਭੱਟ ਬਲੂ ਰਾਏ ਦੇ ਦੋਹੇ ਆਖਦੇ ਹਨ:—

ਖੰਡੋ ਖੰਡ ਪਛੋੜੀਏ ਧਰਤੀ ਤੇ ਅਸਮਾਨ।
ਚੰਦਰ ਬੰਸੀ ਰਾਉ ਰਾਊ ਦਾ ਪੋਤਾ ਬਲੂ ਤੈਨੇ ਜਾਨੈਂ ਸਕਲ ਜਹਾਨ।
ਕਲਜੁਗ ਮੇ ਠਕਰਾਵੀ ਪਾਈ ਤੁਮ ਬਡੋ ਸਮ ਪਾਇਆ ਸਨਮਾਨ।
ਤੇਰੇ ਨਾਮ ਥੀਂ ਚੁਗੱਤਾ ਕਾਂਪੈਂ, ਕਾਂਪੈਂ ਕਾਬਲ ਹਿੰਦੋਸਤਾਨ।
ਤੁਮ ਗੌਰੀ ਸੈ ਭਾਗ ਸਿਆਨਾ, ਰੰਗ ਮਹਿਲ ਮਹਿ ਮੌਜਾਂ ਮਾਣ।
ਬਿਕ੍ਰਮ ਭੋਜ ਸਮ ਕੀਆ ਤਉ ਸਾਕਾ ਵਾਂਗ ਭਰਥਰੀ ਜੋਗ ਕਮਾਇਆ ਆਣ।
ਦਾਨ ਦੀਆ ਤਉ ਦਾਦੇ ਜਗਦੇਵ ਪੰਵਾਰ ਜੈਸਾ ਉਦੇ ਦੀਪ ਸਮ ਪਾਇਆ ਗਿਆਨ।
ਜਸ ਗਾਊਂ ਤਉ ਬੇਟੇ ਮਾਈ ਦਾਸ ਕਾ, ਉਜਲ ਦੀਜੋ ਕਰਹੈ ਕਾ ਦਾਨ।


Digitized by Panjab Digital Library | www.panjabdigilib.org

ਜਸ ਜੋੜ ਚੋਖਾ ਭੱਟ ਗਾਵੈ, ਸਾਲ ਸੋਲਾਂ ਸੈ ਸਿਆਸੀਆ ਚਕ ਗੁਰੂ ਕੇ ਆ ਮਲਿਹਾਨ ।੧

ਜੁਗ ਛਤੀ ਤਉ ਆਪੈ ਛੰਨੇ ਆਪੇ ਛਤੈ ਆਪੈ ਸਰਿਸਟ ਉਪਾਇਆ ।
ਰਾਵਨ ਕੰਸ ਉਪਾਏ ਆਪੈ, ਆਪੈ ਮਾਰ ਖਪਾਇਆ ।
ਬਲੂ ਤੂੰ ਭਾਰਤ ਝੋਲੇ ਭੀਮ ਜੂੰ, ਤਉ ਜਾਨੈ ਸ਼ਾਹ ਚੁਗੱਤਾ ।
ਵੇਲ ਤੇਰੀ ਕੋ ਗੁਰੂ ਵਧਾਇਆ ।
ਧਾਕ ਤੇਰੀ ਦਿੱਲੀ ਲਗ ਬਲੂ, ਤੇਰਾ ਜ਼ੋਰ ਸਬਾਇਆ ।
ਗੋਲੂ ਮੋਹਨਾ ਬੰਦ ਛੁਡਾਈ, ਲਹਣੇ ਕਿਆਂ ਕਾ ਮਾਨ ਗਵਾਇਆ ।
ਚਢਿਆ ਗੁਰੂ ਪੈ ਜਬੈ ਚੁਗੱਤਾ, ਮਾਰ ਸਾਂਗ ਤਉ ਮੂੰਡ ਭਮਾਇਆ ।
ਮਾਡਨ ਬੇਟਾ ਸੁਖਾ ਭੂਰਾ, ਗੈਲੋ ਤੁਧੈ ਸੀ ਖੜਗ ਉਠਾਇਆ ।
ਖੜ੍ਹੀ ਪੁਕਾਰੇ ਸੋਧਾਂ ਗਾਂਘੜੀ ।
ਬਲੂ ਤਉ ਮੇਰਾ ਸਿਰ ਮੌੜ ਸਾ ਮੈਂ ਜੂਝਾ ਜਸ ਜਗ ਮੈ ਪਾਇਆ ।
ਦਾਦੂ ਜਲਾ ਮੁਰਤਜਾ ਖਾਨ ਮਾਰੇ, ਮੂਲੇ ਕਿਆ ਕਾ ਭਾਗ ਸਵਾਇਆ ।
ਸਪੂਤ ਬੇਟਾ ਤਉ ਗਾਊ ਮਾਈ ਦਾਸ ਉਜਲ ਦਾਨ ਕਰਹੈ (ਉਠ) ਕਾ ਦੀਜੋ ।
ਚੋਖੇ ਭੱਟ ਜਸ ਜੋੜ ਸੁਣਾਇਆ ।
ਸੋਲਾਂ ਸੈ ਇਕਾਨਮੇ ਬਲੂ ਜੂਝਿਆ ਵੈਸਾਖ ਬਾਨਮੇ ਮੇਂ ਜਸ ਗਾਇਆ ।

ਪਹਲਾ ਦੋਹਾ ਬਲੂ ਦੇ ਮਰਨ ਤੋਂ ਪੰਜ ਸਾਲ ਪਹਲੋਂ ਮਿਲੇ ਦਾਨ ਪਿਛੋਂ ਦੂਜਾ ਉਸ ਦੀ ਵਰਸੀ ਉਤੇ ਇਕ ਵਰ੍ਹਾ ਪਿਛੋਂ ਰਚਿਆ ਹੋਇਆ ਹੈ । ਇਸੇ ਹੀ ਚੋਖੇ ਭੱਟ ਨੇ ਬਲੂ ਦੇ ਪੁਤ ਮਾਈ ਦਾਸ (ਭਾਈ ਮਨੀ ਸਿੰਘ ਦੇ ਪਿਤਾ) ਅਤੇ ਬਲੂ ਦੀ ਧੀ ਮਲੂਕੀ ਬਾਇ ਦੇ ਦੋਹੇ ਕਹੇ ਹਨ । ਜਿਨਾ ਵਿੱਚ ਮਲੂਕੀ ਬਾਈ ਦਾ ਅਕਬਰ ਨੂੰ ਅਤੇ ਮਾਈ ਦਾਸ ਦਾ ਸ਼ਾਹਜਹਾਨ ਨੂੰ ਮਿਲਣ ਦਾ ਜ਼ਿਕਰ ਹੈ । ਮਾਈ ਦਾਸ ਬਾਰੇ ਜੋ ਦੋਹਰਾ ਚੋਖੇ ਭੱਟ ਨੇ ੧੬੯੨ ਬਿ: ਵਿੱਚ ਕਰਤਾਰ ਪੁਰ ਵਿੱਚ ਕਹਿਆ ਉਹ ਇਸ ਤਰ੍ਹਾਂ ਹੈ :—

ਦੋਹਰਾ—

ਮਾਈ ਦਾਸ ਸ਼ਾਹ ਜਹਾਂ ਕੋ ਮਿਲਿਆ ਵੇਖੇ ਹਿੰਦੂ ਮੁਸਲਮਾਨ ।
ਮਾਈ ਦਾਸ ਤੇਰੇ ਤੰਬੂ ਗੈਨ ਮਹਿ ਝੂਲੇ ਡਿਉਢੀ ਬਾਰ ਖਰੇ ਦਰਬਾਨ ।

ਅਗ ਡੰਡਾ

ਡੰਡਾਰਸ ਉਮਰਾਵ ਮਾਰ ਪਿਛਾਹਾਂ ਕੋ ਮੇਲੇ ਛੜੀਆਂ ਚੋਟ ਕਰੇ ਸੁਲਤਾਨ ।
ਪਾਂਚ ਰੋਜ ਮਹਿ ਦਫਤਰ ਆਇਆਂ ਮੂਲੇ ਕਿਆਂ ਕਾ ਭਾਗ ਸਬਾਇਆ
ਰਖਿਆ ਬੀਝੇ ਕਾ ਸੁਲਤਾਨ ।
ਧਨ ਮਾਈ ਦਾਸ ਧਰਮ ਕੀ ਧਰਮਸਾਲ ਬੰਧਾਈ ਤੇਰਾ ਲੰਗਰ ਆਬਾਦਾਨ ।


Digitized by Panjab Digital Library | www.panjabdigilib.org

ਤੇਰੀ ਮਦਦ ਗੁਰੂ ਚਕ ਵਾਲਾ ਦੀਆ ਦਾਨ ਲਖ ਦਾਨ ।
ਜਸ ਜੋੜ ਚੋਖਾ ਭੱਟ ਗਾਵੈ ਸਾਲ ਸੋਲਾਂ ਸੈ ਬਾਨਵੇ ਮੇ ਕਰਤਾਰਪੁਰ ਕੇਆ
ਮਲਿਹਾਨ । ੩ ।

ਬੀਬੀ ਮਲੂਕੀ ਬਾਈ ਦੇ ਛੰਦਾਂ ਦੇ ਮੰਗਲ ਵਿੱਚ ਛੇਵੇਂ ਗੁਰੂ ਜੀ ਤੱਕ ਉਪਮਾ ਆਖ ਕੇ ਮਲੂਕੀ ਬਾਈ ਦੀ ਇਕ ਮਹਾਨ ਸ਼੍ਰੀਮੰਤ ਹੋਣ ਦੀ ਉਪਮਾ ਬੜੇ ਵਿਚਿਤ੍ਰ ਢੰਗ ਨਾਲ ਕਹੀ ਹੈ । ਮਲੂਕੀ ਬਾਈ ਦਾ ਅਕਬਰ ਨੂੰ ਮਿਲਣ ਸਮੇਂ 'ਬੇਟੀ ਕਹ ਬਿਠਾਈ' ਦੱਸ ਕੇ ਉਸ ਦੇ ਬੇਟੇ ਮੱਖਨ ਦੀ ਵਧਾਈ ਵਿੱਚ ਮਿਲੇ ਦਾਨ ਦਾ ਵਰਣਨ ਕੀਤਾ ਹੈ । ਮੰਗਲਾਚਰਣ ਵਿੱਚ ਗੁਰੂ ਸਾਹਿਬਾਂ ਦਾ ਨਾਂ ਆਉਣਾ ਪ੍ਰਗਟ ਕਰਦਾ ਹੈ ਕਿ ਭੱਟ ਖਾਨਦਾਨ ਦੇ ਉਸ ਪੀੜ੍ਹੀ ਦੇ ਭੱਟਾਂ ਦੇ ਮਨਾਂ ਵਿੱਚ ਗੁਰੂ ਜੀ ਲਈ ਸ਼ਰਧਾ ਸਮਾ ਚੁੱਕੀ ਸੀ, ਛੇਵੇਂ ਗੁਰੂ ਜੀ ਤੱਕ ਨਾਵਾਂ ਦਾ ਆਉਣਾ ਸਿੱਧ ਕਰਦਾ ਹੈ ਇਸ ਛੰਦ ਦੀ ਰਚਨਾ ਜਿਵੇਂ ਕਿ ਭੱਟ ਨੇ ਅਖੀਰ ਵਿੱਚ ਸੰਬਤ ਦੇ ਕੇ ਦੱਸਿਆ ਹੈ, ਗੁਰੂ ਹਰਿ ਗੋਬਿੰਦ ਜੀ ਦੇ ਸਮੇਂ ਹੋਈ ਸੀ ।

ਦੁਨੀਆਂ ਵਿੱਚ ਕਿਹੜੀਆਂ ਮਹਾਨ ਇਸਤ੍ਰੀਆਂ, ਧਰਤੀ, ਰਾਤ, ਪੌਣ, ਮੌਤ ਆਦਿ ਹਨ, ਦਾ ਰੋਚਕ ਵਰਣਨ ਕਰ ਕੇ ਉਸ ਮਹਾਨਤਾ ਨਾਲ ਜਿਵੇਂ ਮਲੂਕੀ ਬਾਈ ਨੂੰ ਜੋੜਿਆ ਹੈ, ਉਹ ਕਵੀ ਦੀ ਕਲਪਨਾ ਦਾ ਕਮਾਲ ਹੈ:—

ਪ੍ਰਥਮ ਸਿਮਰ ਉਸ ਕੋ ਜਿਨ ਇਹ ਸਰਿਸ਼ਟ ਰਚਾਈ ।
ਨੇਤ ਨੇਤ ਤਉ ਬੇਦ ਕਥਤ ਹੈ ਇਹ ਈਸਰ ਬੁਧ ਬਤਾਈ ।
ਬਰਮਾ ਵਿਸਨ ਮਹੇਸ ਈ ਬਾਕ ਬਾਨੀ ਹੋਇ ਸਹਾਇ ।
ਲਖ ਅਗਾਸਾ ਪਤਾਲ ਲਖ, ਬਾਬੇ ਨਾਨਕ ਕਿਹਾ ਅਲਾਈ ।
ਅੰਗਦ ਅਮਰ ਗੁਰ ਰਾਮਦਾਸ ਗੁਰੂ ਅਰਜਨ ਗੋਬਿੰਦ ਤੈਂ ਸਰਨਾਈ ।
ਪਹਲੀ ਤਿਰਿਆ ਧਰਤਰੀ ਇੰਦਰ ਦਰ ਘੋਰ ਬਰਸਕ ਕੋ ਆਈ ।
ਦੂਜੀ ਤਿਰਿਆ ਰੈਨ ਈ ਦੁਨੀਆ ਬਹੁ ਵਿਸਰਾਮ ਈ ਪਾਈ ।
ਤੀਜੀ ਤਿਰਿਆ ਪਵਨ ਈ ਖਿਨ ਆਵੈ ਖਿਨ ਚਲੈ ਸਥਾਈ ।
ਚੌਥੀ ਤਿਰਿਆ ਮੌਤ ਈ ਜਿਹਿੰ ਦੁਨੀਆ ਬਹੁਤ ਖਪਾਈ ।
ਪੰਚਮ ਤਿਰਿਆ ਕੌਂਤਾ ( ਕੁੰਤੀ ) ਮਾਤਾ ਪਾਂਚ ਫਲ ਮਹਾ ਦੇਵ ਸੇ ਲਿਆਈ ।
ਛਟੈ ਤਿਰਿਆ ਦੁਰਗਾ ਮਾਤਾ ਈ, ਜਿਹ ਧੌਲਾਂ ਗੜ੍ਹ ਬਿਆਈ ।
ਸਾਤਵੀ ਤਿਰਿਆ ਪਗੜੀ ਸੀਸ ਮਰਦ ਕੇ ਹੈ ਬਡਿਆਈ ।
ਅਠਮ ਤਿਰਿਆ ਕਲਮ ਈ ਜਿਸੈ ਦੁਨੀਆ ਨਿਵੈ ਸਬਾਈ ।
ਨਾਵੀ ਤਿਰਿਆ ਗੰਗਾ ਮਾਤਾ ਜਿਹ ਤੇ ਹਿੰਦੂ ਨੇ ਗਤਪਾਈ ।
ਦਸਵੀ ਤਿਰਿਆ ਰਾਣੀ ਮਾਤਾ ਜਿਹ ਦੁਨੀਆ ਬਹੁਤ ਭਰਮਾਈ।


Digitized by Panjab Digital Library | www.panjabdigilib.org

ਗਿਆਰਵੀ ਤਿਰਿਆ ਮਲੂਕੀ ਬਾਈ ਧੀ ਮਲੂ ਪੰਵਾਰ ਕੀ ਜਾਈ।
ਧੀ ਮੋਤੀ ਮੂਲੇ ਬੰਝਰਾਉਤ ਕੀ ਗੈਲੋਂ ਸੁਖੇ ਮਾਝਨ ਬੇਟੇ ਬਿਆਈ।
ਮਾਈਦਾਸ ਮਲੂਕਾ ਰੂੜੀ ਰੂਪੀਆ ਜੈਮਲ ਬੀਰੀਆ ਨਿਠਾਈ।
ਸਾਹੋ ਸੁੰਦਰ, ਮਾਧੋ ਰਈਆ ਸੁਹੇਲਾ ਗਾਇਬਰਾਂ ਤੇਰੇ ਭਾਈ।
ਸ਼ਮੂਤ ਭਤੀਜਾ ਗਾਊਂ ਤਊ ਨਫੀਆ ਚਾਕ ਕੂਟ ਜਹਿ ਮਿਲੀ ਬਡਾਈ।
ਮਲੂਕੀ ਮਿਲੀ ਅਕਬਰ ਬਾਦਸ਼ਾਹ ਸੇ ਜਹਿ 'ਬੇਟੀ' ਕਹਿ ਬਠਲਾਈ।
* ਧੜਾ ਪੰਸੇਰੀ ਕਾਠ ਕੋਰੜਾ ਸੋਲਾ ਜਤੀਆਂ ਮੇਂ ਸਨਮਾਨ ਕਰਾਈ।
ਨਿਸਾਨ ਨਿਗਾਰਾ ਸੋਲਾਂ ਜਾਤ ਮਹਿ ਮਲੂਕੀ ਰਾਂਗੜੀ ਲਿਆਈ।
ਅਠਾਰੀਆ ਲਾਬੇ ਮਲੂਕੀ ਬਾਈ ਜਸ ਤ੍ਰੈਲੋਕੀ ਛਾਈ।
ਦੀ ਵਧਾਈ ਬੇਟੇ ਮਖਨੰ ਬਿਆਇ ਕੀ ਬੰਸ ਲਖਨ ਕੀ ਬੇਲ ਵਧਾਈ।
ਮਾਲਾ ਮੁਹਰੇਂ ਸਾਙ ਸਾਤ ਕੀ ਪਾਂਚੋ ਜੋੜੀ ਭਟੋਂ ਕੋ ਪਹਿਨਾਈ।
ਕਰੀ ਕੜਾਹੀ ਗੁਰੂ ਕੀ ਮਾਝਨ ਕਿਆਂ ਕਾ ਭਾਗ ਸਬਾਈ।
ਜਸ ਚੋੜ ਚੋਖਾ ਭੱਟ ਗਾਵੈ ਸਾਲ ਸੋਲਾਂ ਸੈ ਬਾਨਮੇਂ ਆਈ।

ਇਹ ਇਕ ਅਜੀਬ ਸੰਜੋਗ ਹੈ ਕਿ ਬਲੂ ਰਾਇ ਤੋਂ ਲੈ ਕੇ ਉਸ ਦੇ ਪੁਤ੍ਰ ਮਾਈ ਦਾਸ ਤੇ ਅਗੋਂ ਉਸ ਦੇ ਪੁਤ੍ਰ ਭਾਈ ਮਨੀ ਸਿੰਘ ਤੇ ਮਨੀ ਸਿੰਘ ਦੇ ਪੁਤ੍ਰ ਬਚਿਤਰ ਸਿੰਘ, ਉਦੇ ਸਿੰਘ ਅਜਿਹੇ ਬੀਰ ਜੋਧੇ ਤੇ ਗੁਰੂ ਖਿਆਰੇ ਹੋਏ ਕਿ ਇਕ ਤੋਂ ਵੱਧ ਦੂਜੇ ਦੀ ਘਾਲਣਾ ਅਤੇ ਬੀਰਤਾ ਦੀਆਂ ਘਟਨਾਵਾਂ ਸਮੇਂ ਦੀ ਹਿਕ ਉੱਤੇ ਫ਼ਿਲਮ ਵਾਂਗ ਚਿਤ੍ਰੀਆਂ ਗਈਆਂ। ਇਹ ਕਾਰਨਾਮੇ ਇਤਿਹਾਸ ਦੇ ਪੰਨਿਆਂ ਵਿੱਚ ਸ਼ਾਇਦ ਮੁਨਾਸਬ ਥਾਂ ਨਾ ਲੈ ਸਕਦੇ, ਜੇ ਇਨ੍ਹਾਂ ਨੂੰ ਕੁਲ-ਭੱਟ ਸਮੇਂ ਸਮੇਂ ਸੰਭਾਲ ਕੇ ਨਾ ਰਖਦੇ। ਸਿਖ ਇਤਿਹਾਸਕਾਰਾਂ ਦਾ ਭੱਟਾਂ ਦੀਆਂ ਲਿਖਤਾਂ ਨੂੰ ਵਰਤਣ ਦਾ ਪਤਾ ਪ੍ਰਾਚੀਨ ਪੰਥ ਪ੍ਰਕਾਸ਼ ਤੋਂ ਲਗਦਾ ਹੈ ਜਿਥੇ 'ਭਾਈ ਮਨੀ ਸਿੰਘ ਜੀ ਦੀ ਮਹਿਮਾ ਭੱਟ ਦੀ ਜ਼ਬਾਨੀ ਦੀ ਸੂਚਨਾ ਦੇ ਕੇ ਅਗੇ ਭੱਟ ਦਾ ਰਚਿਆ ਕਬਿੱਤ ਦਿੱਤਾ ਹੈ† ।

---

* ਦਾਣਿਆਂ ਵਿਚੋਂ ਚੋਧਰ ਦਾ ਹਿੱਸਾ ਜੋ ਮਣ ਵਿਚੋਂ ਪੰਜ ਸੇਰ ਹੁੰਦਾ ਸੀ, ਤਿੰਨ ਕੋਰੜੇ ਮਰਵਾਉਣ ਦੀ ਸਜ਼ਾ ਦੇ ਅਧਕਾਰ ਜੋ ਬਲੂ ਰਾਇ ਦੀ ਧੀ ਨੂੰ ਅਕਬਰ ਨੇ ਦਿਤਾ ਸੀ। ਭੱਟ ਨੇ ਉਸ ਪੁਰਾਣੀ ਵਡਿਆਈ ਨੂੰ ਯਾਦ ਕਰਾ ਕੇ ਜਸ ਗਾਇਆ।

(ਨਹੀਂ, ਸੋਲਾਂ ਸੈ ਬਾਨਵੇਂ ਵਿਚ ਅਕਬਰ ਕਿਥੇ ਜੀਉਂਦਾ ਸੀ ?)

† 'ਉਸ ਵਕਤ ਕੇ ਭੱਟ ਕੇ ਵਾਕ' ਲਿਖ ਕੇ ਰਤਨ ਸਿੰਘ ਜੀ ਭੰਗੂ ਨੇ ਅਗੇ ਲਿਖਿਆ ਕਬਿੱਤ ਦਿਤਾ ਹੈ :—

ਸਿਖਨ ਮੈਂ ਸਿਖ ਊਚੋ ਭਗਤਨ ਮੈਂ ਭਗਤ ਸੂਦੋ,
ਸਿਖੀ ਕੀ ਨਿਆਈ ਕਹੀਏ ਭਾਈ ਮਨੀ ਸਿੰਘ ਜੀ।

(ਬਾਕੀ ਸਫ਼ਾ ੯੧ ਤੇ)


Digitized by Panjab Digital Library | www.panjabdigilib.org

ਉਧਰ ਏਹੋ ਕਬਿੱਤ ਭੱਟ-ਵਹੀ ਤਲਉਢਾ ਵਿੱਚ ਮਾਮੂਲੀ ਪਾਠ ਭੇਦਾਂ ਨਾਲ ਮਿਲ ਜਾਂਦਾ ਹੈ । ਜਿਸ ਤਰ੍ਹਾਂ ਇਸ ਖਾਨਦਾਨ ਦੀਆਂ ਸ਼ਹੀਦੀਆਂ ਤੇ ਬੀਰਤਾ ਦੇ ਕਾਰਨਾਮੇ ਹਨ ਅਤੇ ਉਨ੍ਹਾਂ ਨੂੰ ਭੱਟਾਂ ਦਾ ਲੜੀਵਾਰ ਸੰਭਾਲਿਆ ਮਿਲਦਾ ਹੈ । ਅਜਿਹੀਆਂ ਲਿਖਤਾਂ ਕਿਸੇ ਹੋਰ ਖ਼ਾਨਦਾਨ ਬਾਰੇ ਨਹੀਂ । ਬਲੂ ਤੇ ਮਤੀ ਰਾਮ ਪਿਛੋਂ ਭਾਈ ਮਤੀ ਦਾਸ ਤੇ ਭਾਈ ਦਿਆਲੇ ਦਾ ਗੁਰੂ ਤੇਗ਼ ਬਹਾਦਰ ਜੀ ਨਾਲ ਦਿੱਲੀ ਵਿੱਚ ਦੇਗ਼ ਅੰਦਰ ਉਬਾਲ ਕੇ ਸ਼ਹੀਦ ਕਰਨ, ਉਨ੍ਹਾਂ ਨਾਲ ਭਾਈ ਮਤੀ ਦਾਸ ਤੇ ਸਤੀ ਦਾਸ ਦੀ ਸ਼ਹੀਦੀ, ਭਾਈ ਮਨੀ ਸਿੰਘ ਦਾ ਭੰਗਾਣੀ ਦੇ ਜੁਧ ਵਿੱਚ ਲੜਨ ਦਾ ਵਰਣਨ ਭੀ ਭੱਟਾਂ ਦੇ ਲਿਖੇ ਹੋਏ ਮਿਲਦੇ ਹਨ* ।

ਸਿਮਰ ਭੱਟ ਤਉ ਸਤਿਗੁਰ ਆਪਣਾ ਗਿਆਨ ਬਤਾਵੇ ਸੱਚਾ ।
ਤਉ ਪੇਖਾ ਪੰਵਾਰ ਬੀਂਝੇ ਕਾ ਅਪਰਾਕਨ ਤਉਂ ਦੇਖਾ ਰਾਜਪੂਤੀ ਕਾਨਕਾ ।
ਦਿਲੀ ਲੱਗ ਧਾਂਕ ਸੁਨੀ ਤੇਰੀ ਬਲੂ ਤਉ ਜਾਨੈ ਸ਼ਾਹ ਚੁਗਤਾ ।
ਸਮੂਤ ਪੋਤਾ ਤਉ ਗਾਉਂ ਮਨੀ ਰਾਮ ਰੌਸ਼ਨ ਬੰਸ ਜਲੇ ਕਾ ਕਿਤਾ ।
ਪੌਲਾ ਹੇਠ ਭੰਗਾਣੀ ਮਾਂਗੀ ਰਾਣਾ ਘਾਲ ਕੀਆ ਰਣ ਜਿਤਾ ।
ਸਾਕਾ ਕੀਆ ਨਦਾਬਦ ਤੈਨੇ ਘਾਲਿਆ ਰਾਣਾ ਬੀਰ ਪਰਬਤਾ ।
ਘੋੜੀ ਬੀਸ ਪਚਾਸ ਗਿਣਤੀ ਕੇ ਆਏ ਪੌਂਦਰ ਮਰਾਏਸ ਰਾਜਪੂਤਾ ।
ਧਨ ਧਨ ਮਾਤ ਮਧਰੀ ਬਾਈ ਤਉ ਜਾਇਆ ਮਨੀ ਰਾਮ ਪੂਤਸ ਪੂਤਾ ।

---

( ਸਫਾ ੮੦ ਦੀ ਬਾਕੀ )

ਜਗਤ ਮੈਂ ਜੈ ਕਾਰ ਭਯੋ, ਧਰਮ ਅਰਥ ਦੇਹ ਦਯੋ,
ਸਿਦਕਸੁ ਕਟਾਯੋ ਹੀਯੋ ਨਹਿ ਮਨੀ ਕਛ ਬੰਗ ਜੀ ।
ਸਿਖ ਸੋ ਪ੍ਰਸੰਨ ਭਏ ਦੁਸਟ ਸਭ ਭਰਿਸ਼ਟ ਭਏ,
ਗਿਆਨ ਕੀ ਖੜਗ਼ ਸੋ, ਸੋ ਮਾਰੇ ਚੌਰੰਗ ਜੀ ।
ਗੁਰਸਿਖ ਕਹਾਵੈ ਜੋਊ ਕਰਨੀ ਜਿਹ ਕਮਾਵੈ,
ਸੋਊ ਮਨੀ ਸਿੰਘ ਤੁਲ ਭਯੋ ਰਾਨਾ ਔਂ ਨਹਿ ਰੰਕ ਜੀ ।

( ਪ੍ਰਾਚੀਨ ਪੰਥ ਪ੍ਰਕਾਸ਼ ਪੰਨਾ ੨੨੭ )

ਇਹ ਕਬਿੱਤ ਦੇਸਾ ਸਿੰਘ ਭੱਟ ਦੇ ਪੁਤ੍ਰ ਅਮਰ ਸਿੰਘ ਦਾ ਭੱਟਵਹੀ ਵਿਚ ਲਿਖਿਆ ਮਿਲਦਾ ਹੈ।

* ਦਿਆਲ ਦਾਸ ਮਾਈ ਦਾਸ ਕਾ ਪੋਤਾ ਬਲੂ ਕਾ ਪੜਪੋਤਾ ਮੂਲੇ ਕਾ ਚੰਦਰ ਬੰਸੀ ਭਾਤ ਦਵਾਜੀ ਗੋਤਰਾ ਪੰਵਾਰ ਬੰਸ ਬੀਝੇ ਕਾ ਬੰਝਰਉਤ ਠਦਉਤ ਜਲਹਾਨਾ ਗੁਰੂ ਗੈਲੋ ਮਗਾਰ ਸੁਦੀ ਪੰਚਮੀ ਸੰਬਤ ੧੭੩੨ ਦਿਲੀ ਚਾਂਦਨੀ ਚੌਕ ਕੇ ਮਲਿਹਾਨ ਸ਼ਾਹੀ ਹੁਕਮ ਗੈਲ ਮਾਰੇ । ਗੈਲੋ ਮਤੀ ਦਾਸ ਸਤੀ ਦਾਸ ਬੇਟੇ ਹੀਰਾ ਨੰਦ ਕੇ ਪੋਤੇ ਲਖੀ ਦਾਸ ਕੇ ਪੜਪੋਤੇ ਪ੍ਰਾਗ ਕੇ ਬੰਧ ਗੋਤਮ ਕਾ ਸਾਰਸ਼ਤੀ ਭਾਰਗਵ ਗੋਤਰੇ ਛਿਬਰ ਬ੍ਰਾਹਮਣ ਮਾਰੇ ਗਏ ·

( ਭਟਵਹੀ ਮੁਲਤਾਨੀ ਸਿੰਧੀ )



Digitized by Panjab Digital Library | www.panjabdigilib.org

ਸਪੂਤ ਬੇਟਾ ਤਉ ਗਾਊ ਦਿਆਲ ਦਾ ਸਕਾ, ਜੀਤੇ ਜੀ ਦੇਗੇ ਉਬਲਤਾ।
ਜਸ ਜੋੜ ਦੇਸ਼ ਭਟ ਭਣਿਆ ਅਨੰਦ ਪੁਰ ਕੇ ਮਲਿਹਾਣ।
ਰਪਯੋ ਸੇ ਮੂੰਡ ਭਟੋਂ ਕਾ ਭਰ ਦਿਤਾ।
ਕੀ ਵਧਾਈ ਬੇਟੇ ਚਿਤਰ ਬਚਿਤਰ ਊਦੇ ਬਿਆਹਿ ਕੀ
ਸਾਲ ਸਤਰਾ ਸੌ ਪਸਾਚ ਬਿਤਾ।
ਮਹਿੰਗੇ ਮੋਲ ਕਰਹੇ (ਊਠ) ਹੈ ਦੀਏ ਮੁਰਕੀ ਬਚਲਨੀ ਔ ਬਲਿਤਾ*।

ਇਕ ਹੋਰ ਛੰਦ ੧੭੫੩ ਵਿੱਚ ਭਾਈ ਮਨੀ ਸਿੰਘ ਦੇ ਪੋਤਰੇ ਭਾਗੂ ਸਿੰਘ ਦੀ ਵਧਾਈ ਉੱਤੇ ਅੰਮ੍ਰਿਤਸਰ ਵਿੱਚ ਉਸ ਸਮੇਂ ਦਾ ਕਹਿਆ ਹੋਇਆ ਮਿਲਦਾ ਹੈ, ਜਦੋਂ ਭਾਈ ਸਾਹਿਬ ਜੀ ਪੰਥ ਦੀ ਅਰਥਾਤ ਅਕਾਲ ਤਖਤ ਦੀ ਜਥੇਦਾਰੀ ਅਤੇ ਹਰਿ ਮੰਦਿਰ ਸਾਹਿਬ ਦੇ ਮੁਖੀ ਸੇਵਕ ਦੀ ਪਦਵੀ ਉੱਤੇ ਬਿਰਾਜਮਾਨ ਸਨ। ਇਸ ਛੰਦ ਵਿੱਚ ਉਨ੍ਹਾਂ ਦੇ ਪਰਿਵਾਰ ਦੇ ਉੱਘੇ ਬੰਦਿਆਂ—ਭਾਈ ਦਿਆਲ ਦਾਸ (ਸ਼ਹੀਦ) ਭਾਈ ਬਚਿਤਰ ਸਿਘ ਜੋਧੇ ਤੇ ਭਾਈ ਮਨੀ ਸਿੰਘ ਦਾ ਜਸ ਇਸ ਤਰ੍ਹਾਂ ਦਿੱਤਾ ਹੋਇਆ ਹੈ :—

ਜਲਹਾਨੇ ਪੰਵਾਰ ਬਾਕ ਅਲੀਪੁਰ ਕੇ, ਬੰਝਰ ਉਤੋਂ ਤੋਸੋਂ ਕਉਣ ਅਰ।
ਜਸ ਮੇਰੀ ਰਾਮ ਕਾ ਮਾਰਿਆ, ਕੇਸਰੀ ਹਾਥੀ ਗੈਲ ਲਰੈ।
ਬਚਿਤ੍ਰ ਸਿੰਘ ਤੇਰੀ ਬਰਛੀ ਰੌਸ਼ਨ ਤੇਰੀ ਸਾਂਗ ਝਰਮਲ ਕਰੈ।
ਤੇਰੋ ਨਾਮ ਥੀ ਰਿਪ ਥਰ ਥਰ ਕੰਪੈ, ਤੇਰੀ ਪ੍ਰਬਤੀ ਹਲਕ ਪਰੈ।
ਧੰਨ ਮਾਤਾ ਤਉ ਸੀਤਾ ਬਾਈ, ਤੇਰੇ ਪਾਂਚ ਸਪੂਤ ਰੜੇ ਲਰ ਮਰੈ।
ਬੀਰ ਮਨੀ ਸਿੰਘ ਜਸ ਤਉਂ ਕਾ ਗਾਊਂ, ਤੇਰਾ ਨਾਮ ਚਉਂ ਕੂੰਟੀ ਮੁਖ ਪਰੈ।
ਧਨ ਧਨ ਦਿਆਲ ਦਾਸ ਜਸ, ਤਉ ਕਾ ਖੰਡ ਬ੍ਰਹਿਮੰਡ ਮੂੰਡ ਸਭ ਉਚਰੈ।
ਚਾਰ ਬਰਨ ਖਟ ਦਰਸ਼ਨ ਸਾਰੇ, ਰਟਤ ਨਾਮ ਨਿਸ ਬਾਸਰ ਘਰੈ।
ਜਸ ਜੋੜ ਦੇਸਾ ਸਿੰਘ ਭਟ() ਭਣਿਆ, ਸਾਲਸਤਰਾ ਸੈ ਸਰੇ।
ਉਜਲ ਦਾਨ ਦੀਓ ਗਲ ਜੋਟ§ ਕਰਭੈ।

---

* ਬਲਿਤਾਂ ਕੰਨਾਂ ਦਾ ਵਾਲਾ ਜੋ ਕੰਨਾਂ ਵਿਚ ਮੁਰਕੀ ਤੇ ਦਕਨੀ ਵਾਂਗ ਪਹਿਨਿਆ ਜਾਂਦਾ ਸੀ।

() ਗਜ ਜੋ ਕਰਭੈ, ਗਲ ਜੋਟ ਕਰ ਕੇ ਦਿਤੇ ਹੋਏ ਊਠ।

§ ਭਾਈ ਕੇਸੋ ਸਿੰਘ, ਆਪਣੇ ਦੂਜੇ ਸਤ ਭਟਾਂ ਨਾਲ ੯ ਕੱਤਕ ੧੭੬੮ ਨੂੰ ਸਿੱਖ ਹੋਣ ਦੇ ਦੋਸ਼ ਵਿੱਚ ਧਰਤੀ ਵਿੱਚ ਗੱਡ ਕੇ ਮਾਰਿਆ ਗਇਆ ਸੀ। ਭਟ ਵਹੀ ਵਿੱਚ ਇਹ ਸ਼ਹੀਦੀ ਇਊਂ ਲਿਖੀ ਮਿਲਦੀ ਹੈ :—

( ਬਾਕੀ ਸਫਾ ੮੩ ਤੇ )


Digitized by Panjab Digital Library | www.panjabdigilib.org

ਕੀ ਵਧਾਈ ਪੋਤੇ ਭਾਗੂ ਸਿੰਘ ਕੀ,
ਗੁਰੂ ਚਕ ਕੇ ਮਲਿਹਾਨ ਜੇਠ ਚਾਨਣੀ ਚੌਥ ਭਟੋਂ ਕਾ ਮੂੰਡ ਭਰੇ।

ਭਾਈ ਮਨੀ ਸਿੰਘ ਜੀ ਦੀ ਸ਼ਹੀਦੀ ਉਪਰਾਂਤ ਉਨ੍ਹਾਂ ਦੀ ਪਹਲੀ ਬਰਸੀ ਸਮੇਂ ਜੰਮੂ ਪ੍ਰਗਣੇ ਦੇ ਪਿੰਡ ਭੜੂ ਵਿੱਚ ਭਾਈ ਸਾਹਬ ਜੀ ਦੇ ਪੋਤਰੇ ਭਾਗੂ ਸਿੰਘ ਦੇ ਘਰ ਦੇਸਾ ਸਿੰਘ ਭੱਟ ਦੇ ਪੁਤ੍ਰ ਭੀਮ ਸਿੰਘ ਨੇ ਉਨ੍ਹਾਂ ਦੀ ਸ਼ਹੀਦੀ ਬਾਰੇ ਇਹ ਦੋਹਰਾ ਕਹਿਆ।—

ਰਦਉਤ ਜਲਹਾਨ ਬੀਰ ਮਨੀ ਸਿੰਘ, ਚਉਂ ਕੂਟੀ ਜਸ ਤਉਕਾ ਪਰਿਆ।
ਗੁਰੂ ਰਾਮਦਾਸ ਦਰ ਕਾ ਹੋਇ ਸੇਵਕ, ਸਿੰਘ ਨਾਮ ਤਉ ਉਜਲ ਕਰਿਆ।
ਸਿਖੀ ਮੇ ਸੂਰਾ ਭਗਤੀ ਮੇ ਪੂਰਾ, ਗਿਆਨ ਖੜਗ ਕੇ ਸਾਮ੍ਹ ਹੋ ਲਗਿਆ।
ਫਤੇ ਵਾਹਿਗੁਰੂ ਮੁਖ ਥੀਂ ਨਿਕਸੀ, ਬੰਦ ਬੰਦ ਕਟ ਪੌਸ਼ਸ ਉਖਰਿਆ।
ਦਿਆਲ ਦਾਸ ਸਮ ਕੀਉ ਤੈ ਸਾਕਾ, ਬਿਰਧ ਬੰਸ ਜੇਲੂ ਕਾ ਹਰਿਆ।
ਜੈ-ਜੈ-ਕਾਰ ਭਇਓ ਜੰਗ ਤਉਕਾ, ਧਰਮ ਹੇਤੇ ਦੁਖ ਦੇਹ ਤੇਜਰਿਆ।
ਰਾਣਾ ਰੰਕ ਸਮ ਕੋਇ ਨਹਿ ਤਉਕੈ, ਦਾਨਦੇਤ ਮੂੰਡ ਭਟੋਂ ਕਾ ਭਰਿਆ।
ਸਤਰਾਂ ਸੈ ਇਕਾਨਵੇਂ ਭਇਓ, ਸਾਕਾ ਅਸਾੜੇ ਬਾਨਵੈਂ ਜਸ ਉਚਰਿਆ।
ਭੀਮ ਸਿੰਘ ਜਸ ਜੋੜ ਕੇ ਭਣਿਆ,
ਭੜੂ ਕੇ ਮਲਹਾਨ ਬਾਲ ਮੋਹਰੋਂ ਕਾ ਭਾਗੂ ਸਿਘ ਲਿਆ ਧਰਿਆ।
ਝੋਲ ਵਧੇ ਤਉ ਬੀਰ ਸੰਗਰਾਮ ਸਿੰਘ ਕੀ ਭੱਟ ਗਾਵੇ ਦਰ ਤਉਤੇ ਖਰਿਆ।

ਭਾਈ ਮਨੀ ਸਿੰਘ ਦੀ ਸ਼ਹੀਦੀ ਤੋਂ ਗਿਆਰਾਂ ਵਰੇ ਬਾਅਦ ਏਸੇ ਭੀਮ ਸਿੰਘ ਭੱਟ ਦਾ ਕਹਿਆ ਹੋਇਆ ਇਕ ਵੇਰਵਾ ਹੋਰ ਮਿਲਦਾ ਹੈ, ਜਿਸ ਵਿੱਚ ਭਾਈ ਮਨੀ ਸਿੰਘ ਦੀ ਪੀਹੜੀ ਵਰਣਨ ਤੇ ਧਰਮ ਯੋਧਿਆਂ ਦੀ ਬੀਰਤਾ ਦਾ ਵਰਣਨ ਹੈ :—

ਜਲਹਾਨੇ ਪੰਵਾਰ ਬੰਸ ਜਲੇ ਕਾ ਚਹੁੰ ਕੂੰਟੀ ਜਸ ਤੰਉ ਕਾ ਧਰਿਆ।
ਜਸ ਗਾਉਂ ਤਉ ਦਾਦੇ ਜੇਠਾ ਸਿੰਘ ਕਾ ਲੇ ਭਾਈ ਪੂਤ ਸਾਕਾ* ਯਿਹ ਕਰਿਆ।

---

( ਸਫ਼ਾ ੮੨ ਦੀ ਬਾਕੀ )

"ਕੇਸੋ ਸਿੰਘ ਬੋਹਥ ਕਾ ਹਰੀ ਸਿੰਘ ਬੋਹਥ ਕਾ ਦੇਸਾ ਸਿੰਘ ਬੋਹਥ ਕਾ ਪੋਤੇ ਕੀਰਤ ਕੇ ਪੜਪੋਤੇ ਭਿਖਾ ਕੇ, ਕੌਸਸ਼ ਗੋਤਰੇ ਗੌੜ ਬ੍ਰਾਹਮਣ ਸਾਹੀ ਹੁਕਮ ਰੈਲ ਸਾਤੋ ਭੱਟ ਕਤਕ ਪ੍ਰਵਿਸਟੇ ੯ ਸੰਬਤ ੧੭੯੯ ਕੋ ਆਲੋਵਾਲ ਕੇ ਮਲਿਹਾਨ ਪ੍ਰਗਨਾ ਲਾਹੌਰ ਭੂਮੀ ਮੇ ਗਾਡ ਕਰ ਮਾਰ ਦੀਏ। ( ਭਟ ਵਹੀ ਤਲਾਉਢਾ ਪ੍ਰਗਣਾ ਜੀਂਦ )

* ਜੇਠਾ ਸਿੰਘ ੯ ਕਤਕ ਨੂੰ ੩੦ ਸਿਖਾਂ ਨਾਲ ਧਰਤੀ ਵਿਚ ਜਿਵੇਂ ਗੱਡ ਕੇ ਮਾਰਿਆ ਗਿਆ ਤੇ ਕਿਸੇ ਨੇ ਸਿਦਕ ਨਾ ਹਾਰਿਆ, ਇਸ ਬਾਰੇ ਭਟਵਹੀ ਵਿਚ ਉਲੇਖ ਕਰਨ ਯੋਗ ਲਿਖਤੋ ਹੈ :— ( ਬਾਕੀ ਸਫ਼ਾ ੮੪ ਤੇ )



Digitized by Panjab Digital Library | www.panjabdigilib.org

ਧਨ ਧਨ ਦਿਆਲਦਾਸ ਜਸ ਤਉਕਾ ਰਿਧ ਚੁਗੱਤੇ ਦੇਗ ਭੀਤਰੇ ਧਰਿਆ ।
ਧਨ ਧਨ ਮਨੀ ਸਿੰਘ ਜਸ ਤਉਕਾ ਬੰਦ ਬੰਦ ਕਟ ਮੋਸਸ ਉਖਰਿਆ ।
ਬਿਚਿਤ੍ਰ ਸਿੰਘ ਜਸ ਤਉ ਕਾ ਗਾਊਂ ਚੜ੍ਹਾ ਚਰਖੜੀ ਨਹਿ ਤਉਂ ਡਰਿਆ ।
ਧਨ ਧਨ ਉਦੇ ਸਿੰਘ ਜਸ ਤਉਕਾ ਦੁਆਦਸ ਘਰੀ ਇਕੇਲਾ ਤਉ ਕਰਿਆ ।
ਘੋਰਾ ਦਾਨ ਦੀਓ ਤਉ ਉਜਲ ਮੂੰਡ ਭਟੋ ਕਾ ਭਾਗੂ ਸਿੰਘ ਤਉ ਭਰਿਆ ।
ਭੀਮ ਸਿੰਘ ਜਸ ਜੋੜ ਕੇ ਭਣਿਆ ਸਾਲ ਅਨਾਰਾਂ ਸੈ ਦੋ ਗਾਮ ਸਿਖ ਆੜੇ ਭੀਤਰ ਰਰਿਆ ।
ਵੇਲ ਵਧੈ ਤਉ ਬੀਰ ਸੰਗਰਾਮ ਸਿੰਘ ਕੀ ਭੱਟ ਗਾਵੈ ਦਰ ਤਉ ਤੇ ਖਰਿਆ ।
(ਭੱਟ–ਵਹੀ ਮੁਲਤਾਨੀ ਸਿੰਧੀ)

ਇਨ੍ਹਾਂ ਭੱਟਾਂ ਵਿਚੋਂ ਇੱਕ ਸੇਵਾ ਸਿੰਘ ਭੱਟ ਦੇ 'ਸ਼ਹੀਦ ਬਿਲਾਸ' ਨਾਂ ਦੀ ਇੱਕ ਪੁਸਤਕ ਰਚਕੇ ਭਾਈ ਮਨੀ ਸਿੰਘ ਜੀ ਦੇ ਸਾਰੇ ਹਾਲ ਕਲਮ-ਬੰਦ ਕੀਤੇ ਹੋਏ ਹਨ । ੨੦੭ ਛੰਦਾਂ, ਸਵੱਈਏ, ਦੋਹਿਆਂ ਦੀ ਇਹ ਰਚਨਾ ਜਿਵੇਂ ਲਿਖੀ ਗਈ ਤੇ ਫਿਰ ਭਟਾਖ੍ਸ਼ਾਰੀ ਤੋਂ ਗੁਰਮੁਖੀ ਵਿੱਚ ਕੀਤੀ ਗਈ ਉਸ ਬਾਰੇ ਇਸ ਦੇ ਅੰਤਲੇ ਵੇਰਵੇ ਵਾਲੇ ਛੰਦਾਂ ਅਤੇ ਨਾਲ ਦਿਤੀ ਸੂਚਨਾ ਤੋਂ ਪ੍ਰਗਟ ਹੋ ਜਾਂਦੀ ਹੈ :—

ਦੋਹਰਾ

ਮਨੀ ਸਿੰਘ ਕੀ ਗਾਥਾ ਜਿਸ ਲਿਖੀ ਸੁਨੀ ਥੀ ਆਇ ।
ਸੇਵਾ ਹਰੀ ਇਸ ਦਾਸ ਨੇ ਦਿਤੀ ਸਭੋ ਸੁਣਾਇ ।

ਚੌਪਈ

ਸਿੰਘ ਸੰਗਰਾਮ ਬੀਰ ਇੱਕ ਭਯੋ, ਪੋਤਾ ਮਨੀ ਸਿੰਘ ਕਾ ਅਯੋ ।
ਤਿਸਕੇ ਪਾਂਚ ਸੁਤ ਅਗਾਰੀ, ਜਿਨਮੇ ਸੰਗਤ ਸਿੰਘ ਬਲਿਕਾਰੀ ।
ਸਕਲ ਪਰਵਾਰ ਮੇਲ ਇਕਸਾਰਾ, ਗੈਲ ਇਨੋਂ ਕੇ ਪਿਤਾ ਹਮਾਰਾ ।
ਦੇਸ ਮਾਲਵੇ ਪਹੁਚੇ ਜਾਈ, ਗੈਲ ਜੀਤ ਸਿੰਘ ਲਈ ਬਨਾਈ ।
ਕਛ ਚਿਰ ਰਹੇ ਲਾਡਵੇ ਬੀਚ, ਏਕ ਗਾਵ ਰਾਜੇ ਤਿਹ ਦੀਜ ।
ਹਮਰੋ ਕਾਮ ਵਧਾਈ ਲੈਨਾ, ਫਿਰ ਤੁਰਕੇ ਜਸ ਇਨਕਾ ਕਹਿਨਾ ।
ਸੇਵਾ ਹਰੀ ਭਾਦਸੋ ਮਾਹਿ, ਕਛਕ ਕਾਲ ਬਤਾਯੋ ਤਾਹਿ । ੨੦੬ ।

---

(ਸਫਾ ੯੩ ਦੀ ਬਾਕੀ)

ਜੇਠਾ ਸਿੰਘ ਮਾਈ ਦਾਸ ਕਾ, ਰੂਪ ਸਿੰਘ ਮਾਈ ਦਾਸ ਕਾ ਪੋਤੇ ਦਲ੍ਹ ਕੇ ਪੜਪੋਤੇ ਮੂਲ ਕੇ ਮਿਤੀ ੯ ਕੱਤਕ ਸੰਬਤ ੧੭੯੮ ਕੋ ... ... ਸਾਹੀ ਹੁਕਮ ਗੈਲ ਬੰਦੀ ਜਨੋ ਮੇ ਸੇ ਤੀਨ ਮਾਸ ਅਧਕ ਦੁਖ ਦੇ ਕਰ ਭੂਮੀ ਮੇਂ ਗਾਡ ਕਰ ਮਾਰ ਦੀਏ । ਚਾਲੀਓ ਕੀ ਚਉਕੀ ਮੇਂ ਕਿਸੀ ਨੇ ਸਿਦਕ ਨਹੀਂ ਹਾਰਾ । ਆਗੈ ਸਤਿਗੁਰ ਭਾਣੈ ਕਾ ਖਾਵੰਦ ।

Digitized by Panjab Digital Library | www.panjabdigilib.org

ਦੋਹਰਾ

ਸ਼ਹੀਦ ਬਿਲਾਸ ਪੋਥੀ ਸ਼ੁਰੂ ਕਰੀ ਲਾਡਵੇ ਮਾਹਿ ।
ਪਾਯੋ ਭੋਗ ਆ ਭਾਦਸੋਂ ਗੁਰ ਕਿਰਪਾ ਤੇ ਮਾਇ । ੧੦੭ । ਇਤੀ ।

ਸ਼ਹੀਦ ਬਿਲਾਸ ਪੋਥੀ ਕੀ ਨਕਲ ਭਟਖਸਰੀ ਸੇ ਕਰਤ ਵਦੀ ਏਕਮ ਸਾਲ ੧੯੨੭ ਬਿਕ੍ਰਮੀ ਕੋ ਗੁਰਮੁਖੀ ਮੇਂ ਕੀ । ਨਕਲ ਕਰਨ ਵਾਲਾ ਛਜੂ ਸਿੰਘ ਭੱਟ ਭਾਦਸੋਂ ਨਿਵਾਸੀ ਪ੍ਰਗਨਾ ਥਨੇਸਰ । ਸਮਾਪਿਤ ।

ਭਾਈ ਮਨੀ ਸਿੰਘ ਜੀ ਬਾਰੇ ਸੇਵਾ ਸਿੰਘ ਭੱਟ ਦੇ ਲਿਖੇ ਇਸ ਗ੍ਰੰਥ ਵਿਚੋਂ ਲੇਖ ਦੇ ਹੋਰ ਵਧ ਜਾਣ ਦੇ ਡਰ ਤੋਂ ਬਹੁਤਾ ਕੁਝ ਨਾ ਦੇਂਦੇ ਹੋਏ ਕੇਵਲ ਉਸ ਦਾ ਇਕ ਆਰੰਭਕ ਦੋਹਰਾ ਅਤੇ ਸਵੱਈਆ ਦੇਂਦੇ ਹਾਂ, ਜਿਸ ਤੋਂ ਸੇਵਾ ਸਿੰਘ ਭੱਟ ਦੀ ਕਾਵਿ-ਕਲਾ ਤੇ ਵਰਣਨ ਢੰਗ ਬਾਰੇ ਉਸ ਦੀ ਰਚਨਾ ਆਮ ਭੱਟਾਂ ਦੇ ਦੋਹਿਆਂ ਨਾਲੋਂ ਕਿੰਨੀ ਵੱਧ ਸਾਹਿੱਤਕ ਤੇ ਕਾਵਿ-ਰੂਪਾਂ ਦੀਆਂ ਕਸਵੱਟੀਆਂ ਉਤੇ ਪੂਰੀ ਉਤਰਨ ਵਾਲੀ ਦਾ ਪਤਾ ਸਹਜੇ ਹੀ ਲੱਗ ਜਾਂਦਾ ਹੈ :—

ਦੋਹਰਾ

ਤੁਮਾਰੀ ਕਿਰਪਾ ਦੇ ਸਤਿਗੁਰੂ ਲਿਖੂੰ ਸ਼ਹੀਦ ਬਿਲਾਸ ।
ਵਿਘਨ ਹਰੋਂ ਮਮਦਾਸ ਕੇ ਕਰੋ ਬੁਧ ਪ੍ਰਗਾਸ । ੧ ।

ਸਵੱਈਆ

ਹੇ ਕਰੁਣਾ ਨਿਧ ਮੇਹਰ ਕਰੋ, ਤਉ ਚਿਤ ਬਚਿਤ੍ਰ ਕਥੂ ਇਹ ਲੀਲਾ ।
ਜਿਹ ਪੜ੍ਹਨੇ ਕਰ ਸਿਦਕ ਬੜੇ, ਅਰ ਕਾਇਰ ਸੁਣੇ ਮੁਖ ਰਹੈ ਨਹਿ ਪੀਲਾ ।
ਅੰਗ ਅੰਗ ਕਟੇ ਨਹਿ ਸੀ ਕਰੀ, ਜਿੰਹ ਸੀਸ ਦਯੋ ਸਿਖ ਭਯੋ ਨਹਿ ਢੀਲਾ ।
ਸੇਵਾ ਹਰੀ ਭੂਯ ਮਧ ਵਿਖੈ ਕੋਉ, ਸਮ ਸਿੰਘ ਮਨੀ ਨਹੀਂ ਭਯੋ ਹਠੀਲਾ ।

ਸੇਵਾ ਸਿੰਘ ਭੱਟ ਨੇ ਲਿਖਿਆ ਹੈ ਕਿ ਸਾਡੇ ਭੱਟਾਂ ਦਾ ਕੰਮ ਫਿਰ ਤੁਰ ਕੇ ਵਧਾਈ ਲੈਣਾ ਹੈ । ਇਨ੍ਹਾਂ ਭੱਟਾਂ ਦੇ ਫਿਰਨ ਦੀ ਹੱਦ ਪੰਜਾਬ ਹੀ ਨਹੀਂ, ਸਗੋਂ ਜਿਥੇ ਜਿਥੇ ਇਨ੍ਹਾਂ ਦੇ ਜਜਮਾਨ ਜਾ ਜਾ ਕੇ ਵੱਸੇ ਹੋਏ ਹਨ, ਉਥੋਂ ਤਕ ਹੀ ਹੈ । ਭੱਟ ਆਪਣਾ ਸਫਰ ਬਹੁਤਾ ਪੈਦਲ ਟੁਰ ਕੇ ਕਰਦੇ ਸਨ, ਅਜ ਤੋਂ ਸੌ ਵਰ੍ਹਾ ਪਹਲਾਂ ਮੈਦਾਨੀ ਇਲਾਕਿਆਂ ਵਿੱਚ ਲੋਕ-ਸੇਵਾ ਲਈ ਅਸਵਾਰੀਆਂ ਉਂਝ ਭੀ ਨਹੀਂ ਹੁੰਦੀਆਂ ਸਨ, ਤੇ ਜੋ ਊਠਾਂ, ਘੋੜਿਆਂ, ਹਾਥੀਆਂ ਦੇ ਰੂਪ ਵਿਚ ਹੁੰਦੀਆਂ ਸਨ, ਉਨ੍ਹਾਂ ਤੋਂ ਗਰੀਬ ਭੱਟ ਲਾਭ ਉਠਾਉਣ ਤੋਂ ਅਸਮਰਥ ਸਨ । ਤੁਲੇ ਭੱਟ ਦਾ 'ਭੱਟ ਵਹੀ ਮਾਰਵਾੜੀ ਦਖਣੀ' ਵਿਚ ਇਕ ਦੋਹਾ ਲਿਖਿਆ ਮਿਲਦਾ ਹੈ, ਜਿਸ ਵਿਚ ਉਜੈਨ ਦੇ ਲਾਗਲੇ ਮਾਲਵੇ ਦੇ ਇਲਾਕੇ ਵਿਚ ਭੀਲਾਂ ਦਾ ਭੱਟਾਂ ਨੂੰ ਲੁਟਣ


Digitized by Panjab Digital Library | www.panjabdigilib.org

ਦਾ ਬਿਰਤਾਂਤ ਹੈ। ਭੱਟਾਂ ਨੇ ਜਿਸ ਤਰੀਕੇ ਨਾਲ ਆਪਣੇ ਜਜਮਾਨਾਂ ਨੂੰ ਉਕਸਾਇਆ ਕਿ 'ਤੁਹਾਡੇ ਭੱਟਾਂ ਨੂੰ ਭੀਲ ਲੁਟ ਲੈ ਜਾਣ' ਤੇ ਫਿਰ ਜਿਵੇਂ ਮੇਹਰ ਚੰਦ ਆਦਿ ਪੁਰਖਾਂ ਨੇ ਭੀਲਾਂ ਤੋਂ ਭੱਟਾਂ ਦਾ ਮਾਲ ਅਸਬਾਬ ਵਾਪਸ ਲੈ ਕੇ ਦਿੱਤਾ, ਉਹ ਸਾਰੀ ਕਹਾਣੀ ਬੜੇ ਸੁਆਦ ਲੈ ਲੈ ਕੇ ਲਿਖੀ ਹੈ :—

ਦੋਹਾ—

ਸਿਮਰ ਭੱਟ ਤਉ ਸਤਿਗੁਰ ਆਪਣਾ ਜੋ ਸਾਈਂ ਸਿਰਜਨਹਾਰਾ।
ਲਖ ਚੌਰਾਸੀ ਜੀਅ ਜੋਨ ਜੋ ਸਭ ਕੂੰ ਦੇਵਨ ਹਾਰਾ।
ਪਰ ਅਧੀਨ ਜਾਂਤ ਮਾਂਗਤ ਕੀ ਖੋਟਾ ਮਾਂਗਤ ਕਾਜ ਹਮਾਰਾ।
ਦੇਸ ਹੜੌਤੀ ਫਿਰ ਮਾਲਵਾ ਵੇਖਿਆ ਬਾਂਸ ਬਾੜਾਂ ਤੜਬਾਰਾ।
ਬਾਟ ਰੋਕ ਭੀਲ ਥੇ ਬੈਠੇ ਮਾਲ ਦਰਬ ਧਨ ਖੋਸ ਲੀਆ ਸਾਰਾ।
ਧੋਤੀ ਮੁਰਕੀ ਔ ਬਚਕੰਨੀ ਲੈ ਗਏ ਕਾਨੋਂ ਮੇਂ ਥੀ ਬਾਰਾ।
ਨਾਮ ਗਾਮ ਰਾਉ ਰਠੌਰ ਕੂ ਕੀਆ ਘੇਰ ਮੇਹਰ ਚੰਦ ਕਾ ਆਪ ਪੁਕਾਰਾ।
ਕਿਆ ਸੋਏ ਠਾਕਰ ਮੇਹਰ ਚੰਦ ਤਉ ਲੂਟ ਗਿਆ ਜੋ ਸੋਲੋਂ ਕਾ ਮਾਂਗਨਹਾਰਾ
ਪਕੜ ਖੜਗ ਤਉ ਉਠਾ ਮੇਹਰ ਚੰਦ ਬੋਲਾ ਠਾਕਰ ਬੀਚ ਹੰਕਾਰਾ।
ਸਭ ਚੜ੍ਹੋ ਸ਼ੇਰ ਮਤ ਲਉ ਡੇਰ ਤਉ ਚੜ੍ਹਾ ਗਾਮ ਠਾਕਰ ਕਾ ਸਾਰਾ।
ਚੜੇ ਰੂਪਾ ਗੋਧਾ ਬਖਸ਼ੀ, ਛੱਢਾ ਨਰਸੀ ਭੂਰਾ ਤਾਰੋ।
ਪਕੜ ਚੋਰ ਗਾਮ ਮੇਂ ਲਿਆਏ, ਮਾਨਾ ਭੀਲ ਗਾਮ ਮੋੜੀ ਬਾਰਾ।
ਜਉ ਪੜਾ ਜੋਰ ਤਉ ਬੋਲਾ ਚਰ ਆ ਮਾਲ ਗਿਆ ਜੋ ਦਰਬ ਲੁਟਾ ਥੀ ਸਾਰਾ।
ਹੇਠਾਂ ਧਰਤੀ ਊਪਰ ਅੰਬਰ ਬੀਚ ਮੇਹਰ ਚੰਦ ਭਟੋਂ ਕਾ ਰਖਬਾਰਾ।
ਜੁਗ ਜੁਗ ਜੀਏ ਮੇਹਰ ਚੰਦ ਤਉ ਤੇਰੀ ਮਦਤ ਗੁਰੂ ਅੰਬਰਸਰ ਬਾਰਾ।
ਜਸ ਜੋੜਤੁ ਟੂਲੇ ਭਟ ਭਣਿਆ, ਫੁਲਗੁਣ ਸੁਦੀ ਇਕਾਦਸੀ ਅਠਾਰਾ ਸੈ
ਬਹਤਰ ਸਾਲਾ।

ਇਹ ਦੋਹਾ ਪੰਜਾਬ ਤੋਂ ਬਾਹਰ ਦੂਰ ਉਜੈਨ ਲਾਗੇ ਰਚਿਆ ਗਇਆ ਸੀ। ਭਟਾਂ ਨੇ ਜੋ ਆਪਣੀ ਬੋਲੀ ਵਰਤੀ ਹੈ ਉਹ ਦੇਖ ਸਕਦੇ ਹੋ ਕਿ ਇਹ ਪੂਰਬੀ ਪੰਜਾਬੀ ਹੀ ਹੈ। ਮੇਹਰ ਚੰਦ ਲਈ "ਅੰਮ੍ਰਿਤਸਰ ਵਾਲੇ ਗੁਰੂ" ਦੀ ਮੇਹਰ ਮੰਗਨ ਵਾਲੀ ਤੁਕ ਤੋਂ ਇਹ ਭੀ ਸਹੀ ਹੁੰਦਾ ਹੈ ਕਿ ਭੱਟਾਂ ਦੇ ਖਾਨਦਾਨ ਵਿੱਚ ਗੁਰੂ ਸਾਹਿਬਾਂ ਲਈ ਇਤਨੀ ਸ਼ਰਧਾ ਵਧ ਗਈ ਸੀ ਕਿ ਉਹ ਜਿਥੇ ਜਾਂਦੇ ਤੇ ਮੌਕਾ ਮਿਲਦਾ ਸੀ, ਗੁਰੂ ਸਾਹਿਬਾਂ ਦਾ ਜਸ ਵਰਣਨ ਕਰਨ ਤੋਂ ਨਹੀਂ ਸੀ ਉਕਦੇ।

## ਲੁਬਾਣਿਆਂ ਬਾਰੇ ਭੱਟਾਂ ਦੀ ਰਚਨਾ

ਭਟ ਵਹੀਆਂ ਅਨੁਸਾਰ ਲਬਾਣਿਆਂ ਦਾ ਮੂਲ ਰਾਜਪੂਤਾਂ ਨਾਲ ਜਾ ਜੁੜਦਾ



Digitized by Panjab Digital Library | www.panjabdigilib.org

ਹੈ। ਪੰਜਾਬ ਦੇ ਲੁਬਾਣੇ, ਜੋ ਅਗੇ ਦੋ ਜਾਤੀਆਂ ਰਮਾਣਾ ਤੇ ਉਦਾਣਾ ਵਿਚ ਵੰਡੇ ਗਏ ਹਨ, ਰਠੌਰ ਸਦਾਉਂਦੇ ਹਨ। ਮੁਅੱਸਰੇ ਆਲਮ-ਗੀਰੀ ਦੇ ਕਥਨ ਮੁਤਾਬਕ ਲੁਬਾਣਿਆਂ ਦੇ ਇਕ ਭਾਗ (ਭਾਗਵੰਤ ਸਿੰਘ) ਨੇ ਅਟਕ ਦਰਿਆ ਦੇ ਕੰਢੇ ਔਰੰਗਜ਼ੇਬ ਦੀ ਬਖਸ਼ਸ ਕਾਰਣ ਆਪਣੀ ਰਿਆਸਤ ਭੀ ਕਾਇਮ ਕਰ ਲਈ ਸੀ। ਲੁਬਾਣੇ ਆਮਤੌਰ ਤੇ ਵਣਜ ਵਿਹਾਰ ਦਾ ਕੰਮ ਕਰਦੇ ਰਹੇ ਹਨ। ਬੀਤੇ ਜਮਾਨੇ ਵਿਚ ਜਦੋਂ ਵਪਾਰ 'ਏਧਰ ਦੀਆਂ ਵਸਤਾਂ ਓਧਰ' ਲਿਜਾ ਕੇ, ਵੇਚਣਾ ਹੀ ਹੁੰਦਾ ਸੀ ਲੁਬਾਣੇ ਆਪਣੇ ਬਲਦਾਂ, ਦੇ ਝੁੰਡਾਂ ਉਤੇ ਮਾਲ ਲੱਦ ਕੇ ਇਹ ਕਿਤਾ ਕਰਿਆ ਕਰਦੇ ਸਨ। ਲੱਦੇ ਹੋਏ ਬਲਦਾਂ ਦੀਆਂ ਹੇੜ੍ਹਾਂ ਜਾਂ ਝੁੰਡਾਂ ਨੂੰ ਟਾਂਡਾ ਆਖਿਆ ਜਾਂਦਾ ਸੀ।

ਗੁਰੂ ਗ੍ਰੰਥ ਸਾਹਿਬ ਵਿਚ ਆਉਂਦਾ ਹੈ—'ਮੈਂ ਬਣਜਾਰਨ ਰਾਮ ਕੀ ਮੇਰਾ ਟਾਂਡਾ ਲਾਦਿਆ ਜਾਏ ਰੇ।' ਜਿਥੇ ਜਿਥੇ ਇਹ ਲੋਕ ਰਹਿੰਦੇ ਜਾਂ ਵਿਸਰਾਮ ਕਰਦੇ ਸਨ ਉਹ ਵਿਸਰਾਮਥਲ ਭੀ ਟਾਂਡਾਂ ਸਦੇ ਜਾਣ ਲਗ ਪਏ। ਤੇ ਇਨ੍ਹਾਂ ਥਾਵਾਂ ਤੋਂ ਜਿਥੇ ਕੁਝ ਲੋਕ ਵਸ ਗਏ ਉਨ੍ਹਾਂ ਥਾਵਾਂ ਤੇ ਪਿੰਡ ਨੂੰ ਟਾਂਡਾ ਕਹਣ ਲਗ ਪਏ। ਪੰਜਾਬ ਦੇ ਕਈ ਹਿਸਿਆਂ ਵਿਚ ਇੰਨ੍ਹਾਂ ਦੇ ਵਸਾਏ ਹੋਏ ਪਿੰਡ ਹੁਣ ਤੱਕ ਟਾਂਡੇਂ ਸਦੇ ਜਾਂਦੇ ਹਨ। ਿਵੇਂ 'ਉੜ ਮੁੜ ਟਾਂਡਾ' 'ਟਾਂਡਾ ਕੁਬਾਣਿਆ' ਆਦਿ।

ਲੁਬਾਣਿਆਂ ਵਿਚੋਂ ਮੁਜ਼ਫਰਾਬਾਦ ਦਾ ਵਸਨੀਕ ਮਖਣ ਸ਼ਾਹ ਲੁਬਾਣਾ ਆਪਣੇ ਸਮੇ ਦਾ ਇਕ ਵੱਡਾ ਵਪਾਰੀ ਸੀ। ਉਹ ਛੇਵੇਂ ਗੁਰੂ ਜੀ ਦੇ ਕਸ਼ਮੀਰ ਦੇ ਦੌਰੇ ਸਮੇਂ ਦਰਸ਼ਨ ਦੀਦਾਰ ਕਰਕੇ ਸਿੱਖ ਬਣਿਆ ਸੀ। ਸਿਖ ਇਤਿਹਾਸ ਵਿਚ ਪ੍ਰਸਿੱਧ ਕਥਾ ਹੈ ਕਿ ਇਕ ਵਾਰ ਇਸ ਦੀ ਨਾਵ ਘੁੰਮਣ ਘੇਰੀਆਂ ਵਿਚ ਫਸ ਗਈ। ਇਸਨੇ ਗੁਰੂ ਸਾਹਿਬਾਂ ਪਾਸ ਅਰਦਾਸ ਕੀਤੀ ਕਿ ਜੇ ਮੇਰੀ ਨਾਵ ਪਾਰ ਲੱਗ ਜਾਵੇ ਤਾਂ ਮੈ ਸੌ ਮੋਹਰਾਂ ਸੰਗਤ ਦੀ ਸੇਵਾ ਲਈ ਗੁਰੂ ਘਰ ਨੂੰ ਅਰਪਣ ਕਰ ਦੇਵਾਂਗਾ। ਜਹਾਜ਼ ਪਾਰ ਲਗਣ ਤੋਂ ਇਹ ਗੁਰੂ ਘਰ ਦਾ ਹਿੱਸਾ ਦੇਣ ਲਈ ਟੁਰਿਆ ਤਾਂ ਅਗੋਂ ਗੁਰੂ ਹਰਿ ਕ੍ਰਿਸ਼ਨ ਜੀ ਦੇ ਜੋਤੀ ਜੋਤ ਸਮਾਉਣ ਪਿਛੋਂ ਬਾਬੇ ਬਕਾਲੇ ਗੁਰੂ ਇਕ ਤੋਂ ਵਧੀਕ ਬਣੇ ਬੈਠੇ ਸਨ()। ਮੱਖਣ ਸ਼ਾਹ ਨਕਲੀ ਗੁਰੂਆਂ ਨੂੰ ਪੰਜ ਪੰਜ ਮੋਹਰਾਂ ਮੱਥਾ ਟੇਕਦਾ, ਜਦੋਂ ਗੁਰੂ ਤੇਗ਼ ਬਹਾਦਰ ਜੀ ਪਾਸ ਪੁੱਜਿਆ ਤਾਂ ਉਨ੍ਹਾਂ ਕਹਿਆ

() ਬਹੁਤ ਸਾਰੀਆਂ ਲਿਖਤਾਂ ਵਿਚ ਬੇਥੇ ਬਾਈ ਮੰਜੀਆਂ ਗੁਰੂਆਂ ਦੀਆਂ ਲੱਗੀਆਂ ਦਸੀਆਂ ਹਨ, ਪਰ ਮਹਿਮਾ ਪ੍ਰਕਾਸ ਵਿਚ ਲਿਖਿਆ ਹੈ ਕਿ ਧੀਰ ਮਲ ਨੇ ਏਥੇ ਆਪਣੀ ਗੁਰਤਾ ਦੀ ਗੱਦੀ ਆ ਲਾਈ ਸੀ :--

ਤਿਸ ਸਮੇ ਬਕਾਲੇ ਪਹੁੰਚਾ ਆਇ। ਭਰਾ ਸਿਖ ਸੰਗਤ ਦੇਖੇ ਦੋ ਭਾਇ
ਕੁਛ ਸੰਗਤ ਧੀਰ ਮਲ ਘਰ ਜਾਵੈ। ਗੁਰ ਤੇਗ ਬਹਾਦਰ ਕਛੁ ਪੁਜਨ ਆਵੈ ।੧੦।
(ਮਹਮਾਂ ਪ੍ਰਕਾਸ)



Digitized by Panjab Digital Library | www.panjabdigilib.org

ਬਸ ਭਾਈ ਸਿੱਖਾ, ਜਹਾਜ਼ ਪਾਰ ਲਗਾਉਣ ਦੀ ਏਨੀ ਹੀ ਮਜ਼ਦੂਰੀ ਹੈ ! ਤੈ ਤਾਂ ਸੌ ਆਖੀਆਂ ਸਨ ? ਇਹ ਸੁਣ ਕੇ ਮੱਖਣ ਸ਼ਾਹ ਲੁਬਾਣੇ ਨੇ ਇਕ ਦਮ 'ਗੁਰੂ ਲਾਧੋ ਰੇ, ਗੁਰੂ ਲਾਧੋ ਰੇ' ਦੀ ਦੋਹੀ ਫੇਰ ਦਿੱਤੀ* । ਆਪੇ ਬਣੇ ਗੁਰੂਆਂ ਦਾ ਪਖੰਡ ਨੰਗਾ ਕਰ ਕੇ ਗੁਰੂ ਤੇਗ਼ ਬਹਾਦਰ ਜੀ ਬਾਰੇ ਇਹ ਸਾਰੀ ਕਹਾਣੀ ਲੋਕਾਂ ਨੂੰ ਸੁਣਾਈ। ਭੁੱਲੇ ਭਟਕੇ ਲੋਗ ਜੋ ਪਹਲਾਂ ਨਕਲੀ ਗੁਰੂਆਂ ਦੇ ਦਾਵਾਂ ਪੇਚਾਂ ਵਿੱਚ ਫਸੇ ਬੈਠੇ ਸਨ, ਸੱਚੇ ਗੁਰੂ ਜੀ ਦੀ ਸ਼ਰਣ ਆਏ।

ਭੱਟ-ਵਹੀ ਵਿੱਚ ਲਿਖਿਆ ਹੈ ਕਿ ਮਖਣ ਸ਼ਾਹ ਲੁਬਾਣੇ ਨੇ ਜਹਾਜ਼ ਕੱਢਣ ਦੀ ਅਰਦਾਸ ਦੇ ਨਾਲ ਜੋ ਗੀਤ ਗਾਇਆ ਸੀ ਉਹ ਇਹ ਹੈ ਜਿਸਨੂੰ ਲੁਬਾਣੇ ਵਹੀ ਦੇ ਵਿੱਚ ਲਿਖਣ ਤੱਕ ਪ੍ਰੇਮ ਪਿਆਰ ਨਾਲ ਗਾਉਂਦੇ ਹਨ :—

ਤੂੰ ਤੇ ਲੇ ਲੇ ਗੁਰੂ ਕਾ ਨਾਮ ਕੀਰਤਪੁਰ ਵਾਲੇ ਕਾ ।
ਗੁਰੂ ਅੰਬਰਸਰ ਵਾਲੇ ਕਾ ਤੂੰ ਤੇ ਲੇ ਲੇ ਗੁਰੂ ਕਾ ਨਾਮ ।
ਨੰਗਾ ਕਭੀ ਨਾ ਰਹੇਗਾ ਭੂਕਾ ਕਭੀ ਨਾ ਰਹੇਗਾ ।
ਭੂਕੇ ਕੇ ਦੇਵੇ ਗੁਰੂ ਭੋਜਨ ਪਿਆਸੇ ਕੇ ਦੇਵੇ ਗੁਰੂ ਪਾਣੀ ।
ਤੂੰ ਤੇ ਲੇ ਲੇ ਗੁਰੂ ਕਾ ਨਾਮ ।
ਮੇਰੀ ਤੋਂ ਜਹਾਜ ਅਟਕੀ ()ਤ੍ਰੇਮੂ ਕੀ ਕਾਲੀ ਦਾਹ ਮੇਂ,
ਗੁਰੂ ਕੀਰਤਪੁਰ ਵਾਲਾ ਲੰਘਾਏ ਪੈਲੀਂ ਪਾਰ ।
ਨਾਮ ਤੋਂ ਲੇਤੇ ਮੇਰੀ ਜਹਾਜ਼ ਹੋ ਗਈ ਪੈਲੀ ਪਾਰ,
ਤੂੰ ਤੋ ਲੇ ਲੇ ਗੁਰੂ ਕਾ ਨਾਮ ਤੂੰ ਤੇ ਲੇ ਲੇ ਗੁਰੂ ਕਾ ਨਾਮ ।

ਚਾਂਦਨੀ ਚੌਕ ਦਿੱਲੀ ਦੇ ਚੌਗਾਨ ਵਿੱਚ ਗੁਰੂ ਤੇਗ਼ ਬਹਾਦਰ ਜੀ ਦਾ ਸੀਸ ਜਦੋਂ ਧੜ ਨਾਲੋਂ ਜੁਦਾ ਕੀਤਾ ਗਇਆ ਤਾਂ ਸਿਰ ਨੂੰ ਛੁਪਾ ਕੇ ਇਕ ਰੰਘਰੇਟਾ

---

* ਸਨ ਸਿਖ ਡੁਬਦੀ ਨਾਉ ਤੁਮ ਹਮਕੰਚੇ ਦਈ ਲਗਾਇ ।
ਕੈਸੇ ਮੂਹ ਘਾਂਸੀ ਲਗੀ ਕਿਉਂ ਪੂਜਾਂ ਰਯੋਂ ਦਰਾਇ । ੧੬ ।
ਸ੍ਰੈ ਮੋਹਰ ਹਮ ਦੀਜੈ ਪਿਆਰੇ, ਜੋ ਮਨਸਾ ਧਰ ਕਾਜ ਸਵਾਰੇ ।
ਗੁਰ ਬਚਨ ਸੁਨ ਮਖਨ ਮਗਨਾਨੇ ਪ੍ਰਾਹ ਬ੍ਰਹਿਮ ਸਤਿਗੁਰ ਪਹਿਚਾਨੇ ।
ਤਿਉ ਮੱਖਣ ਮੰਗਨ ਭਏ ਗੁਰ ਪਾਇਆ ਚੜ੍ਹਿ ਉਚੇ ਮੰਦਰਟੇਰ ਸੁਣਾਇਆ । ੧੯ ।
'ਆਵੋ ਸਿਖੋ । ਮੈਂ ਸਤਗੁਰ ਲਾਧਾ ।' ਜਾਕੀ ਮਹਿਮਾ ਅਗਮ ਅਗਾਧਾ ।
(ਮਹਿਮਾ ਪ੍ਰਕਾਸ਼ ਸਫ਼ਾ : ੬੩੭)

() ਤ੍ਰੇਮੂ—ਉਹ ਥਾਂ ਜਿਥੇ ਤਿੰਨ ਨਦੀਆਂ ਮਿਲਣ, ਜੇਹਲਮ, ਚਨਾਬ ਰਾਵੀ; ਜ਼ਿਲਾ ਝੰਗ ਮੁੱਫਰ ਗੜ੍ਹ ਵਿੱਚ ਜਿਸ ਥਾਂ ਇਕੱਠੀਆਂ ਹੁੰਦੀਆਂ ਹਨ ਉਸ ਤ੍ਰੇਮੂ ਦੀ ਕਾਲੀ ਧਾਰ ਵਿੱਚ ਮੱਖਣ ਸ਼ਾਹ ਦੀ ਨਾਵ ਘੁੰਮਣ-ਘੇਰੀਆਂ ਵਿੱਚ ਫਸ ਗਈ ਸੀ। ਜਿਥੇ ਅਗੋ ਦਿਤਾ ਹੋਇਆ ਗੀਤ ਗਾਉਂਦਿਆਂ ਅਰਦਾਸ ਕੀਤੀ ।

Digitized by Panjab Digital Library | www.panjabdigilib.org

(ਮਜ਼੍ਹਬੀ) ਸਿਖ ਗੁਰੂ ਗੋਬਿੰਦ ਸਿੰਘ ਜੀ ਕੋਲ ਆਨੰਦ ਪੁਰ ਲੈ ਗਇਆ ਸੀ, ਪਿਛੇ ਰਹੇ ਧੜ ਨੂੰ ਲਖੀ ਸ਼ਾਹ ਤੇ ਉਸ ਦੇ ਪੁਤਰ ਨਗਾਹੀਏ ਲੁਬਾਣੇ ਸਿਖਾਂ ਨੇ ਆਪਣੇ ਟਾਂਡੇ ਨੂੰ ਏਥੋਂ ਦੀ ਲੰਘਾਉਂਦਿਆਂ ਬਲਦਾਂ ਦੀਆਂ ਗੂਣਾਂ ਵਿੱਚ ਲਿਜਾ ਕੇ, ਆਪਣੇ ਘਰ ਨੂੰ ਅੱਗ ਲੱਗੀ ਦਾ ਬਹਾਨਾ ਲਾ ਕੇ ਸਸਕਾਰਿਆ ਸੀ। ਇਹ ਕੁਰਬਾਨੀ ਕਰਨ ਵਾਲਾ ਲਖੀ ਸ਼ਾਹ ਜਿਸ ਦਿਨ ਗੁਜ਼ਰਿਆ, ਉਸ ਦੇ ਮਰਨ ਸਮੇਂ ਭੱਟਾਂ ਨੇ ਜੋ ਜਸ ਪੜ੍ਹਿਆ, ਉਸ ਵਿੱਚ ਲੱਖੀ ਸ਼ਾਹ ਦੀ ਇਹ ਸੇਵਾ ਭੀ ਗਾਈ ਗਈ :—

ਦੋਹਰਾ—

ਚਲਾ ਚਲਾਈ ਹੋ ਰਹੀ, ਗਡ ਰਾਡ ਉਖੜੇ ਮੇਖ।
ਲਖੀ ਨਗਾਹੀਆ ਲੈ ਚਲੇ ਤੂੰ ਖਰਾ ਤਮਾਸਾ ਵੇਖ। ੨।
ਸਿਮਰ ਭੱਟ ਤਉ ਸਤਿਗੁਰ ਆਪਣਾ ਧਨ ਧਉਲਾ ਗੜ੍ਹ ਧਾਰਾ।
ਹੁਕਮ ਹੂਆ ਸਚੇ ਸਾਹਿਬ ਕਾ ਲੱਖੀ ਬਣਤੀਆ ਸਵਰਗ ਸਿਧਾਰਾ।
ਆਠੋਂ ਬੇਟੇ ਹੋਏ ਇਕੱਠੇ ਕਾਜ ਕਰਨ ਕੀ ਬਾਰਾ।
ਨਗਾਹੀਆ ਹੇਮਾ ਹਾੜੀ ਆਏ ਆਇਆ ਸੀਤੂ ਤੇ ਪੁੰਡਾਰਾ।
ਬਖਸ਼ੀ ਬਾਲਾ ਜਬਾਹਰ ਆਏ ਬੰਧੇ ਬਰਛੀ ਕਮਰ ਕਟਾਰਾ।
ਮਹਿੰਗੇ ਮਲ ਊਂਟ ਮੰਗਾਏ ਚੜ੍ਹਨੇ ਕੋ ਘੋੜਾ ਕਾਨੋ ਮੇਂ ਬਾਰਾ।
ਨਗਾਹੀਏ ਕੇ ਸਿਰ ਪਾਗ ਬੰਧਾਈ ਬੰਸ ਠਾਕਰ ਕਾ ਭਇਓ ਉਜਿਯਾਰਾ।
ਜਸ ਜੋੜ ਕੇਸੋ ਭਟ ਭਣਿਆ ਸਾਲ ਸਤਾਰਾ ਸੈ ਸੈਤੀਆ ਹੋਈ ਜੈ ਜੈ ਕਾਰਾ।

ਇਕ ਵਰ੍ਹੇ ਪਿਛੋਂ ਜਦੋਂ ਲਖੀ ਸ਼ਾਹ ਦਾ ਫਿਰ ਬਰਸੀ ਮਨਾਈ ਗਈ ਤਾਂ ਇਸੇ ਕੇਸੋ ਭੱਟ ਨੇ ਫਿਰ ਅਜਿਹੀ ਕਿਸਮ ਦਾ ਇਕ ਦੋਹਾ ਰਚਿਆ :—

ਸਿਮਰ ਸੁਲਤਾਨ ਹਿਰਦੇ ਦੇ ਗਿਆਨ ਸਾਹਬ ਕੋ ਕਰੂ ਯਾਦ ਸਤਿਗੁਰ ਕਰੋ ਸਹਾਇ।
ਨਗਾਹੀਏ ਤਉ ਲਖੀ ਕੇ ਜਨਮ ਲੀਆ ਰਾਉਣ ਰਾਣੇ ਢਾਏ ਰਾਣੇ ਛੋਰਾ ਨਹੀਂ ਦਾਨਾ ਜਾਲਾ ਪੁਰ ਕੇ ਆਂਬ ਕਟਾਇ।
ਧਨ ਪਾਰਾ ਦੇਈ ਗਰਾਬਨੀ ਪੂਤ ਜਨਮਿਆ ਨਗਾਹੀਆ ਪਾਂਚ ਸੈ ਹੇੜੀ ਮਾਰ ਭਗਾਇ।
ਗੁਰੂ ਕੀ ਲੋਥ ਲਿਆਨੀ ਜਸ ਜਗ ਮੈਂ ਪਾਇਆ ਪਿਤਾ ਪੂਤ ਰੌਸ਼ਨ ਭਏ ਆਇ।
ਜਸ ਗਾਊ ਤਉ ਲਖੀਏ ਗੋਧੂ ਕਾ ਠਾਕਰ ਕਾ ਤਾਜੀ (ਘੋੜੇ) ਬੰਧੇ ਬਾਰ।
ਊਠੋਂ ਬੈਲੋਂ ਕੀ ਸੋਭੇ ਲਾਰ ਬ੍ਰਾਹਮਣ ਕਟੋਂ ਕੀ ਕੀਆ ਦਾਨ ਵੇਲ ਤੇਰੀ ਕੋ ਗੁਰੂ ਵਧਾਇ।
ਜਸ ਜੋੜ ਕੇਸੋ ਭਟ ਭਣਿਆ ਸਾਲ ਸਤਰਾ ਸੈ ਅਠਤੀਆ


Digitized by Panjab Digital Library | www.panjabdigilib.org

ਰਕਾਬ ਗੰਜ ਕੇ ਮਲਿਹਾਨ ਕੰਗਨੇਂ ਕੀ ਜੋੜੀ ਮੋਹਰਾਂ ਕੀ ਮਾਲਾ ਭਟੋਂ ਕੀ ਪਹਿਨਾਏ।

(ਭੱਟ ਵਹੀ ਜਾਦੋ ਬੰਸੀ ਬੜਤੀਆ ਕੀ)

ਇਕ ਦੋਹਾ ਕੇਸੋ ਸਿੰਘ ਭੱਟ ਦੇ ਪੁਤ੍ਰ ਨਰਬਦ ਸਿੰਘ ਦਾ ਭਾਗੂ (ਭਗਵੰਤ ਸਿੰਘ) ਲੁਬਾਣੇ ਬਾਰੇ ਹੈ। ਇਹ ਦੋਹਾ ਦੱਖਣ ਵਿਚ ਨਦੇੜ ਦੇ ਮੁਕਾਮ ਉਤੇ ਬਾਨ ਗੰਗਾ ਦੇ ਕੰਢੇ ਰਚਿਆ ਗਇਆ ਦੱਸਿਆ ਹੈ। ਇਸ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਮੁਤਾਬਕ ਬਾਬੇ ਬੰਦੇ ਨਾਲ ਆਏ ਬਾਜ ਸਿੰਘ, ਕੌਰ ਸਿੰਘ ਦਾ ਪੰਜਾਬ ਵਲ ਆਉਣ ਦਾ ਇਸ਼ਾਰਾ ਹੈ :—

ਸਿਮਰੂੰ ਪ੍ਰਿਥਮੇ ਮਾਰਦਾ ਮਾਤਾ ਦੇਵੀ, ਸਤਿਗੁਰ ਸਚੇ ਗਿਆਨ ਬਤਾਇਆ।
ਰਦਉਤ ਜਲਹਾਨੇਂ ਸਾਤੋ ਭੁਜਾ ਤੁਮਾਰੀ, ਸਾਤੋ ਕਾ ਜਸ ਚਹੁੰ ਕੂੰਟੀ ਛਾਇਆ।
ਹੁਕਮ ਭਇਆ ਸਾਚੇ ਸਾਹਿਬ ਕਾ, ਭਗਵੰਤ ਨਾਇਕ ਕੋ ਗੁਰੂ ਵਧਾਇਆ।
ਅਜਬ ਕੀ ਆਏ ਤੁੰਗ ਚੀਨ ਬਨਾ ਕੇ, ਖੰਚ ਸਾਂਗ ਤਉਂ ਮੂੰਹ ਭਬਾਇਆ
ਕਾਲਮ ਖਾਨ ਕੇ ਲਾਈ ਬਰਛੀ, ਪਾਂਚ ਹਜਾਰੀ ਕਾ ਤਉ ਮਨਸਬ ਪਾਇਆ।
ਸੋਲਾਂ ਜਾਡੀਆ ਮੇ ਉਜਲ ਹੋਯਾ, ਬੰਸ ਜਲੇ ਕਾ ਨਾਮ ਬਢਾਇਆ।
ਕਰਮ ਬਈ ਜਸ ਤਉ ਕਾਗਾਊਂ, ਮਨਸਬ ਜਿਨ ਕਾ ਸੀ ਦੂਣ ਸਵਾਇਆ।
ਜਸ ਗਾਊ ਤਉ ਨਠੀਏ ਰੂਪੀ ਬਲੂ ਕਾ, ਜਿਹ ਕੀ ਬੰਸ ਗੁਰ ਹੁਕਮ ਬਜਾਇਆ।
ਦਾਨਦੀਆ ਭਟੋਂ ਕੋ ਥਾਲ ਮੋਹਰੋਂ ਕਾ, ਭਗਵੰਤ ਸਿੰਘ ਭਰ ਲਿਆਇਆ।
ਸਾਲ ਸਤਰਾਂ ਸੈਂ ਪੈਸਠ ਆਹਾ, ਨਰਬਦ ਦੋਹਾਂ ਜੋੜ ਸੁਣਾਇਆ।
ਬਾਨ ਗੰਗਾ ਦੀ ਘਾਟੀ ਤੇ ਖੜਿ, ਬੀਰ ਜਲਹਾਨੇ ਕਾ ਜਸ ਗਾਇਆ।

ਭੱਟਾਂ ਦੀਆਂ ਰਚਨਾਵਾਂ ਦਾ ਸਾਹਿੱਤਕ ਰੰਗ, ਉਨ੍ਹਾਂ ਦੀ ਬੋਲੀ ਦਾ ਕਈ ਦੀਖਾਂ ਦੇ ਪ੍ਰਭਾਵਾਂ ਦੇ ਹੁੰਦਿਆਂ ਪੰਜਾਬੀ ਹੋਣਾ ਖਾਸ ਕਰਕੇ ਇਤਿਹਾਸਕ ਮਹੱਤਾ ਵਾਲੇ ਵਰਣਨ ਦਰਸਾਉਣ ਲਈ ਖੇਦ ਹੈ ਕਿ ਇਹ ਲੇਖ ਕਾਫੀ ਨਹੀਂ। ਦਸਮੇਸ਼ ਜੀ ਦੇ ਦਰਬਾਰੀ ਕਵੀਆਂ ਵਿਚ ਭੱਟ ਅਤੇ ਉਨ੍ਹਾਂ ਦੀਆਂ ਰਚਨਾਵਾਂ ਗੰਗ ਭੱਟ ਦਾ ਲਿਖਿਆ ਹੀਰ-ਰਾਂਝੇ ਦਾ ਝਗੜਾ ਸਰ ਰਿਚਰਡ ਟੈਂਪਲ ਦੀਆਂ ਲੋਕ-ਕਥਾਵਾਂ ਬਾਰੇ ਸੰਭਾਲੀਆਂ ਭੱਟਾਂ ਦੀਆਂ ਰਚਨਾਵਾਂ ਇਸ ਲੇਖ ਵਿਚ ਆਉਣੀਆਂ ਸੰਭਵ ਨਹੀਂ। ਇਸ ਕਰ ਕੇ ਉਹ ਕਿਸੇ ਆਉਂਦੇ ਸਮੇਂ ਲਈ ਛਡਣੀਆਂ ਪਈਆਂ ਹਨ।

ਲੇਖ ਖਤਮ ਕਰਨ ਤੋਂ ਪਹਲਾਂ ਮੈਂ ਸਾਹਿੱਤ ਅਕਾਡਮੀ ਦਾ ਧੰਨਵਾਦ ਕਰਨਾ ਜ਼ਰੂਰੀ ਸਮਝਦਾ ਹਾਂ ਜਿਸਦੀ ਪ੍ਰੇਰਣਾ ਨੇ ਇਕ ਖੁਸ਼ਕ ਜਿਹੇ ਮਸਲੇ ਤੇ ਲੇਖ ਲਿਖਵਾ ਕੇ ਸਾਹਿਤਕਾਰਾਂ ਸਾਹਮਣੇ ਇਹ ਸਾਮੱਗ੍ਰੀ ਰੱਖਣ ਦਾ ਸਮਾਂ ਦਿਤਾ। ਖਾਸ



Digitized by Panjab Digital Library | www.panjabdigilib.org

ਕਰਕੇ ਉਸ ਸਮੇਂ ਇਕ ਖੋਜੀ ਕਾਲ ਦੇ ਬੰਦੇ ਦਾ ਲੇਖ ਪੜ੍ਹਾਇਆ ਜਦੋਂ ਕਿ ਅਲੋਚਨਾਤਮਕ ਸਮੀਖਿਆਕਾਰ ਤੇ ਪ੍ਰਯੋਗਵਾਦੀ ਲੇਖਕਾਂ ਦੇ ਪੂਰਾਂ ਦੇ ਪੂਰ ਇਕ ਦੂਜੇ ਤੋਂ ਵਧ ਕੇ ਸਾਹਿੱਤ ਦੇ ਮੈਦਾਨ ਵਿਚ ਮੱਲਾਂ ਮਾਰ ਰਹੇ ਹਨ।

ਇਸ ਲੇਖ ਦੇ ਲਿਖਣ ਵੇਲੇ ਮੈਂ ਇਹ ਗੱਲ ਧਿਆਨ ਵਿੱਚ ਰੱਖੀ ਹੈ ਕਿ ਲੇਖ ਪੜ੍ਹਣ ਵਾਲਾ ਅਸੈਂਬਲੀ ਦੀ ਸਤਾਧਾਰੀ ਪਾਰਟੀ ਦਾ ਲੀਡਰ ਨਹੀਂ ਹੁੰਦਾ ਤੇ ਨਾ ਹੀ ਸਰੋਤੇ ਆਪੋਜ਼ੀਸ਼ਨ ਹੁੰਦੇ ਹਨ ਕਿ ਉਹ ਹਰ ਗੱਲ ਨੂੰ ਠੀਕ ਕਹੇ ਤੇ ਦੂਜੇ ਵਿਰੋਧ ਲਈ ਹੀ ਵਿਰੋਧ ਕਰਨ। ਜਿਵੇਂ ਕਿ ਸਾਡੀਆਂ ਸਾਹਿੱਤਕ ਗੋਸ਼ਟੀਆਂ ਵਿੱਚ ਲੇਖ ਪੜ੍ਹਨ ਵਾਲਾ ਆਪਣੇ ਆਪ ਨੂੰ ਹਰ ਗੱਲ ਵਿੱਚ ਪ੍ਰਬੀਨ ਦਸਦਾ ਹੈ ਤੇ ਦੂਜੇ ਆਮ ਤੌਰ ਤੇ ਵਿਰੋਧ ਕਰਦੇ ਹਨ। ਮੈਂ ਇਤਨਾ ਸਮਰਥ ਨਹੀਂ ਤੇ ਨਾ ਹੀ ਲੇਖ ਪੜ੍ਹਣ ਵਾਲੇ ਦਾ ਇਹ ਕਰਤੱਬ ਸਮਝਦਾ ਹਾਂ। ਮੇਰੀਆਂ ਭੁਲਾਂ ਤੇ ਉਕਾਈਆਂ ਜੋ ਭੀ ਸੱਜਨ ਦਸਣਗੇ ਮੈਂ ਉਨ੍ਹਾਂ ਦਾ ਧੰਨਵਾਦੀ ਹੁੰਦਾ ਹੋਇਆ ਆਪਣੀਆਂ ਭੁਲਾਂ ਨੂੰ ਦਰੁਸਤ ਕਰਣ ਦਾ ਲਾਭ ਉਠਾਵਾਂਗਾ।

—o—

Digitized by Panjab Digital Library | www.panjabdigilib.org